# ਮੈਂ ਗਿਆ ਪਰਦੇਸ

# ਮੈਂ ਗਿਆ ਪਰਦੇਸ

ਅੰਮ੍ਰਿਤਪਾਲ ਸਿੰਘ ਵਿਰਕ

# MEIN GAYA PARDES

*by*

**Amritpal Singh Virk**
V.P.O. Tharaj, Teh. Baghapurana
Distt. Moga-142038
Phone : 01636-276888 (Resi.)
Mobile : 98151-73939

2011
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

*© 2011*
*Produced and bound in India*

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser an d without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਸਮਰਪਤ

ਆਪਣੇ ਪਿਤਾ
ਸਵ. ਸੁਰਜੀਤ ਸਿੰਘ ਅਤੇ
ਉਨ੍ਹਾਂ ਰਿਸ਼ਤਿਆਂ ਦੇ ਨਾਂ
ਜਿਹਨਾਂ ਨੂੰ ਮੈਂ ਚਾਹ ਕੇ ਵੀ
ਨਾ ਨਿਭਾ ਸਕਿਆ ਜਿਨ੍ਹਾਂ ਦਾ
ਮੋਹ ਆਪਣਿਆਂ ਤੋਂ ਵੀ
ਜ਼ਿਆਦਾ ਸੀ।

– ਵਿਰਕ

# ਤਤਕਰਾ


- ਸੋਚ 13
- ਨਵਾਂ ਸਾਲ 14
- ਤੂੰ ਹੀ ਤੂੰ 15
- ਦੋਸ਼ੀ 16
- ਦੋਸਤ 17
- ਤੇਰੀ ਖੁਸ਼ੀ 18
- ਰੱਬਾ 19
- ਮੇਰੀ ਅਰਾਧਨਾ 20
- ਤੇਰੇ ਅਹਿਸਾਨ 21
- ਮੈਂ 23
- ਦਿਲ 24
- ਤੇਰੀ ਸੋਚ 25
- ਬਿਗਾਨੇ 26
- ਜ਼ਿੰਦਗੀ 27
- ਮੇਰੀ ਉਡੀਕ 28
- ਸਾਡਾ ਖ਼ੁਦਾ 30
- ਬੱਚੇ 31
- ਮੇਰੇ ਸਾਏ 32
- ਸ਼ਰਧਾਂਜਲੀ 33
- ਅੰਨ੍ਹੇ ਨਿਸ਼ਾਨਚੀ 34
- ਅੰਧ ਵਿਸ਼ਵਾਸ 35
- ਮੈਂ ਪਾਪੀ 36
- ਉਡੀਕ 37
- ਸੁਪਨੇ 38
- ਪਾਖੰਡੀ ਸਾਧ 39
- ਬੇਗਾਨੀ ਮਾਂ ਦਾ ਨਿੱਘ 40
- ਪਰਦੇਸ 41

- ਵਿਦਾਈ 42
- ਤੇਰੀ ਨੇੜਤਾ 43
- ਤੇਰੇ ਲਾਰੇ 44
- ਥੋੜ੍ਹੀ ਅਕਲ 45
- ਮਾਫ਼ੀ 46
- ਗਰੀਬ ਦਾ ਸੂਰਜ 47
- ਮੇਰੀ ਤੰਗਦਿਲੀ 48
- ਨਾਰੀ 49
- ਕਵਿਤਾ 50
- ਮੌਤ 51
- ਮੇਰਾ ਦਰਦ 52
- ਚੁੱਪ 53
- ਮੇਰਾ ਦਰਦ 54
- ਜਵਾਨੀ 55
- ਬਲਾਤਕਾਰ 56
- ਵਿਦੇਸ਼ 57
- ਦਿਲ ਦਾ ਦਰਦੀ 58
- ਵਾਅਦੇ 59
- ਹੋਰ ਨਹੀਂ ਸਹਿ ਹੁੰਦਾ 60
- ਵਿਸ਼ਵਾਸ 61
- ਤੂਫ਼ਾਨ ਜ਼ਰੂਰ ਵੇਗੇਗਾ 62
- ਲੋੜ 63
- ਵਿਕਾਊ ਅਦਾਲਤ 64
- ਤੇਰੇ ਬੋਲ 65
- ਧੀ 66
- ਕਿਸਮਤ 67

# ਸੱਚੇ ਸੁੱਚੇ ਪ੍ਰਤੀਕਰਮ

ਅੰਮ੍ਰਿਤਪਾਲ ਸਿੰਘ ਵਿਰਕ ਆਪਣਾ ਪਲੇਠਾ ਕਾਵਿ-ਸੰਗ੍ਰਹਿ 'ਮੈਂ ਗਿਆ ਪਰਦੇਸ' ਲੈ ਕੇ ਪੰਜਾਬੀ ਕਾਵਿ-ਜਗਤ ਵਿਚ ਹਾਜ਼ਰ ਹੋਇਆ ਹੈ। ਜ਼ਿੰਦਗੀ ਦੇ ਸਮੁੱਚੇ ਸਰੋਕਾਰਾਂ ਪ੍ਰਤੀ ਇਕ ਸੁਹਿਰਦ ਕੋਮਲਭਾਵੀ ਇਨਸਾਨ ਦੇ ਸੱਚੇ-ਸੁੱਚੇ ਪ੍ਰਤੀਕਰਮ ਇਸ ਕਿਤਾਬ ਦੇ ਲਖਾਇਕ ਹਨ। ਇਹ ਕਾਵਿਕ ਪ੍ਰਤੀਕਰਮ ਕਵਿਤਾ ਦੀਆਂ ਰੂਪਕ ਜਾਂ ਸ਼ਾਸਤਰੀ ਪ੍ਰੰਪਰਾਵਾਂ ਤੋਂ ਅਭਿੱਜ ਇਕ ਅਜਿਹੇ ਕਵੀ-ਮਨ ਦੀ ਪੈਦਾਵਾਰ ਹਨ, ਜੋ ਕਵਿਤਾ ਦੇ ਪੈਦਾ ਹੋਣ ਦੀਆਂ ਹਾਲਤਾਂ ਪ੍ਰਤੀ ਵਧੇਰੇ ਸੁਹਿਰਦ ਹੈ। ਜੀਵਨ-ਯਥਾਰਥ ਨਾਲ ਤਣਾਅ ਵਿਚੋਂ ਉਪਜੇ ਕਾਵਿ-ਅਨੁਭਵਾਂ ਨੂੰ ਜਿਉਂ ਦੇ ਤਿਉਂ ਚਿਤਰ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ।

ਪਿਛਲਝਾਤ ਮਨੁੱਖ ਨੂੰ ਉਸ ਦੇ ਬੀਤੇ ਨਾਲ ਵਾਰ-ਵਾਰ ਜੋੜਦੀ ਹੈ ਤੇ ਓਨੇ ਵਾਰ ਹੀ ਤੋੜਦੀ ਹੈ। ਅਜਿਹੀ ਹਾਲਤ ਇਕ ਪ੍ਰਵਾਸੀ ਮਨ ਦੀ ਹੋਂਦ ਨੂੰ ਵਿਸ਼ੇਸ਼ ਤੌਰ 'ਤੇ ਵਿਭਾਜਿਤ ਕਰੀ ਰਖਦੀ ਹੈ। ਇਕ ਚੰਗਾ ਭਲਾ ਮਨੁੱਖ ਵੀ ਅਜਿਹੇ ਸੰਤਾਪ ਨੂੰ ਮਹਿਸੂਸ ਕਰਨੋਂ ਨਹੀਂ ਬਚਦਾ; ਫਿਰ ਸੂਖਮਭਾਵੀ ਹੋਣਾ ਤਾਂ ਅੱਜ ਦੇ ਜ਼ਮਾਨੇ ਵਿਚ ਵੈਸੇ ਹੀ ਕਸ਼ਟਦਾਇਕ ਹੈ। ਖ਼ੈਰ...! ਅਜਿਹੇ ਕਸ਼ਟਦਾਇਕ ਅਨੁਭਵਾਂ ਵਿਚੋਂ ਹੀ ਭਾਵ-ਸ਼ੁੱਧੀ ਦੀ ਪ੍ਰਕਿਰਿਆ ਜਨਮ ਲੈਂਦੀ ਹੈ, ਜੋ ਵੱਖ-ਵੱਖ ਸ਼ਕਲਾਂ ਵਿਚ ਸਮਾਜ ਲਈ ਚਾਨਣ-ਮੁਨਾਰੇ ਦੀ ਭੂਮਿਕਾ ਨਿਭਾਉਂਦੀ ਹੈ। ਜਿੱਥੇ ਕਿਤੇ ਵੀ ਅਜਿਹੀ ਪ੍ਰਕਿਰਿਆ ਚੱਲ ਰਹੀ ਹੈ, ਉਸਦਾ ਸਮਾਜਕ ਦ੍ਰਿਸ਼ ਉੱਤੇ ਸਾਕਾਰ ਹੋਣਾ ਅਤਿ ਲਾਜ਼ਮੀ ਹੈ, ਵਰਨਾ ਵਿਸ਼ਵੀਕਰਨ ਦੇ ਨਾਮ ਹੇਠ ਮਨੁੱਖਤਾ ਨੂੰ ਤਬਾਹੀ ਵੱਲ ਲਿਜਾ ਰਹੇ ਬੇ-ਗ਼ੈਰਤ ਵਰਤਾਰਿਆਂ ਦੀ ਰਫ਼ਤਾਰ ਤਾਂ ਦਿਨ-ਬ-ਦਿਨ ਤੇਜ਼ ਹੋਈ ਤੁਰੀ ਜਾ ਰਹੀ ਹੈ।

ਅੰਮ੍ਰਿਤਪਾਲ ਇਸ ਪਖੋਂ ਵਧਾਈ ਦਾ ਪਾਤਰ ਹੈ, ਜਿਸਨੇ ਆਪਣੇ ਇਨਸਾਨੀਅਤ ਪੱਖੀ ਅਹਿਸਾਸਾਂ ਨੂੰ ਸਮਾਜ ਦੇ ਕੈਨਵਸ 'ਤੇ ਪੇਸ਼ ਕਰਨ ਦੀ ਇਮਾਨਦਾਰ ਮੁਸ਼ੱਕਤ ਕੀਤੀ ਹੈ। ਗ਼ੈਰ-ਇਨਸਾਨੀ ਵਰਤਾਰਿਆਂ ਪ੍ਰਤੀ ਨਿਰਾਸ਼ਾ ਤੋਂ ਸੰਬਾਦ ਤੱਕ ਦੇ ਕਾਵਿ-ਅਨੁਭਵ ਤੋਂ ਇਲਾਵਾ ਮਨੁੱਖੀ ਰਿਸ਼ਤਿਆਂ ਪ੍ਰਤੀ ਜ਼ਹੀਨ ਸੰਵੇਦਨਾਵਾਂ ਦਾ ਉਚਾਰ ਇਸ ਕਾਵਿ-ਪੁਸਤਕ ਵਿਚ ਪੇਸ਼ ਹੋਇਆ ਹੈ। ਇਨ੍ਹਾਂ ਰਿਸ਼ਤਿਆਂ ਦੇ ਨਿਭਾਉ ਦੌਰਾਨ ਖ਼ੁਦ ਤੋਂ ਹੋਈਆਂ ਭੁੱਲਾਂ-ਚੁੱਕਾਂ ਦਾ ਬੇਬਾਕ ਇਕਬਾਲ ਅਤੇ ਮਾਸੂਮ ਸਮਰਪਣ ਇਸ ਕਵਿਤਾ ਦੇ ਆਪ-ਮੁਹਾਰੇ ਵਹਿਣ ਦੀ ਨਿਸ਼ਾਨਦੇਹੀ ਕਰਦੇ ਹਨ। 'ਮੈਂ ਆਇਆ

ਪਰਦੇਸ' ਦੀ ਬਜਾਇ ਸਿਰਲੇਖ 'ਮੈਂ ਗਿਆ ਪਰਦੇਸ' ਵਿਸ਼ੇਸ਼ ਕਿਸਮ ਦੇ ਅਰਥ ਰਚਦਾ ਹੈ। ਅਰਥਾਤ ਜਿਸਮਾਨੀ ਤੌਰ 'ਤੇ ਅਮਰੀਕਾ ਦੀ ਧਰਤੀ 'ਤੇ ਵਿਚਰ ਰਹੇ ਬੰਦੇ ਦਾ ਆਪਾ ਮਾਨਸਿਕ ਰੂਪ ਵਿਚ ਮਾਤ-ਭੂਮੀ ਦੇ ਧਰਾਤਲ 'ਤੇ ਜਾ ਕੇ ਇਹ ਭਾਵ ਰਚ ਰਿਹਾ ਹੈ। ਏਨੇ ਸੂਖਮ ਪੱਧਰ ਤੀਕ ਵਿਚਰਨ ਦੀ ਸਮਰਥਾ ਰੱਖਣ ਵਾਲੀ ਸੋਚ ਨੂੰ ਸਮਾਜ ਵਿਚ ਬਾਕਾਇਦਾ ਸਰਗਰਮ ਰਹਿਣ ਦੀ ਲੋੜ ਹੈ।

**- ਅਜੀਤਪਾਲ**

170, ਵਾਰਡ 9, ਅਕਾਲਸਰ ਰੋਡ,
ਮੋਗਾ-142001 ਪੰਜਾਬ
ਫੋਨ : 98150-69601

## ਦੋ ਸ਼ਬਦ

ਮੇਰੇ ਮੁਤਾਬਕ ਕਵਿਤਾ, ਗ਼ਜ਼ਲ, ਗੀਤ ਆਦਿ ਸਾਰੀਆਂ ਹੀ ਵੰਨਗੀਆਂ ਕਿਸੇ ਵੀ ਲੇਖਕ ਜਾਂ ਕਵੀ ਦੇ ਦਿਲ ਦੇ ਵਲਵਲਿਆਂ ਨੂੰ ਬਾਹਰ ਕੱਢਣ ਦਾ ਢੰਗ ਹੈ। ਕਵੀ ਜੋ ਵੀ ਸੋਚਦਾ ਹੈ ਜਾਂ ਕੋਈ ਘਟਨਾ ਜਾਂ ਸਚਾਈ ਉਸ ਦੇ ਦਿਲ ਦਿਮਾਗ ਤੇ ਅਸਰ ਕਰਦੀ ਹੈ ਤਾਂ ਉਹ ਉਸ ਨੂੰ ਆਪਣੇ ਢੰਗ ਨਾਲ ਕਾਗਜ਼ ਤੇ ਉਤਾਰਦਾ ਹੈ। ਮੈਂ ਕੋਈ ਕਵੀ ਤਾਂ ਨਹੀਂ ਪਰ ਜ਼ਿੰਦਗੀ ਦੇ ਟੇਢੇ ਮੇਢੇ ਰਸਤਿਆਂ ਤੇ ਡਿੱਗਦੇ ਢਹਿੰਦਿਆਂ ਨੇ ਜੋ ਮਹਿਸੂਸ ਕੀਤਾ ਉਸ ਨੂੰ ਮੈਂ ਆਪਣੇ ਢੰਗ ਨਾਲ ਚਿਤਰਨ ਦੀ ਕੋਸ਼ਿਸ਼ ਕੀਤੀ। ਕਵੀ ਮੈਂ ਇਸ ਕਰਕੇ ਨਹੀਂ ਕਿ ਮੈਂ ਆਪਣੇ ਇਨ੍ਹਾਂ ਸ਼ਬਦਾਂ ਨੂੰ ਕਿਸੇ ਵੀ ਕਾਵਿ ਵੰਨਗੀ ਦੇ ਬੰਧਨ 'ਚ ਨਹੀਂ ਬੰਨ੍ਹ ਸਕਿਆ ਨਾ ਮੈਂ ਆਪਣੇ ਸ਼ਬਦ ਗ਼ਜ਼ਲ ਦੀਆਂ ਸੀਮਾਵਾਂ 'ਚ ਰੱਖੇ, ਨਾ ਹੀ ਗੀਤ ਦੀਆਂ ਪਰ ਮੈਨੂੰ ਗ਼ਜ਼ਲ ਜਾਂ ਗੀਤ ਦੀਆਂ ਸੀਮਾਵਾਂ 'ਚ ਜਾਣ ਲਈ ਕਲਪਨਾ ਕਰਨੀ ਪੈਣੀ ਸੀ ਜੋ ਮੈਂ ਨਹੀਂ ਕਰ ਸਕਿਆ ਮੇਰੇ ਸ਼ਬਦ ਸਚਾਈ ਦੇ ਨੇੜੇ ਨੇ। ਮੈਂ ਜ਼ਿੰਦਗੀ 'ਚ ਜੋ ਮਹਿਸੂਸ ਕੀਤਾ ਉਹ ਉਨ੍ਹਾਂ ਹੀ ਸ਼ਬਦਾਂ 'ਚ ਬਿਆਨਿਆ ਹੈ। ਮੈਂ ਗਰੀਬ ਦੀ ਜ਼ਿੰਦਗੀ ਬਾਰੇ ਲਿਖਿਆ ਜੋ ਕਵਿਤਾ 'ਗਰੀਬ ਦਾ ਸੂਰਜ' ਵਿੱਚ ਬਿਆਨਿਆ ਹੈ।

ਇਹ ਮੈਂ ਆਪਣੇ ਅੱਖੀਂ ਵੇਖੀ ਗਰੀਬ ਦੀ ਲਾਚਾਰੀ ਦਾ ਹੂਬਹੂ ਬਿਆਨ ਹੈ। ਕਵਿਤਾ 'ਬਲਾਤਕਾਰ' ਵਿਚ ਵੀ ਮੈਂ ਇਸੇ ਅਦਾਲਤ 'ਚ ਖੜ੍ਹੀ ਕਿਸੇ ਗਰੀਬ ਦੀ ਧੀ ਤੋਂ ਵਕੀਲਾਂ ਵੱਲੋਂ ਪੁੱਛੇ ਨਾ ਜਵਾਬ ਦੇਣ ਯੋਗ ਪ੍ਰਸ਼ਨਾਂ ਦੀ ਪੇਸ਼ਕਸ਼ ਕੀਤੀ ਹੈ ਜਿਸ ਦੀ ਇੱਜ਼ਤ, ਪਿਆਰ ਤੇ ਝੂਠੇ ਨਾਟਕ 'ਚ ਖੋਹੀ ਗਈ।ਕਵਿਤਾ 'ਮੈਂ' ਵਿਚ ਲਗਭਗ ਵੀਹ ਸਾਲ ਤੋਂ ਵਿਦੇਸ਼ਾਂ 'ਚ ਗਰੀਨ ਕਾਰਡ ਲਈ ਰੁਲ ਰਹੇ ਆਦਮੀ ਦੀ ਵਿਆਖਿਆ ਹੈ ਜੋ ਮੈਂ ਆਪਣੇ ਨਾਲ ਕੰਮ ਕਰਦੇ ਇਕ ਪੰਜਾਬੀ ਦੀ ਦੇਖੀ ਹੈ। ਜਿਸ ਦੀ ਧੀ ਅੱਜ ਵੀਹ ਸਾਲ ਦੀ ਹੈ ਜਿਸ ਦਾ ਉਸ ਨੇ ਮੂੰਹ ਨਹੀਂ ਦੇਖਿਆ। ਆਪਣੀ ਪਤਨੀ ਤੋਂ ਮਾਫ਼ੀ ਯੋਗ ਸ਼ਬਦ ਉਸ ਦੇ ਮੂੰਹੋਂ ਨਿਕਲੇ ਅਸਲੀ ਸ਼ਬਦ ਹਨ, "ਸੱਚ ਹੈ ਮੈਂ ਕਤਲ ਕੀਤਾ ਤੇਰੇ ਚਾਵਾਂ ਦਾ ਪਰ ਸੱਚ ਜਾਣੀ ਬੇਕਸੂਰ ਹਾਂ ਮੈਂ" ਕਵਿਤਾ "ਤੇਰੀ ਸੋਚ" ਵਿਚ ਮੈਂ ਵਿਦੇਸ਼ ਨੂੰ ਜਾਂਦੇ ਇਕ ਗਭਰੂ ਨੂੰ ਕਹਿ ਰਿਹਾ, ਖੁੱਭ ਨਾ ਜਾਵੀਂ ਥਾਂ ਬੜੀ ਜਰਖੇਜ਼ ਹੈ ਪਰ ਖੁੱਭ ਕੇ ਮੁਰਝਾ ਜਾਵੇਂਗਾ। ਮੌਤ ਉਸਦੀ ਨਹੀਂ ਉਸ ਦੇ ਚਾਵਾਂ ਦੀ ਹੋਣੀ ਹੈ। ਤੇ 'ਮੇਰੀ ਤਕਦੀਰ' 'ਚ ਮੈਂ ਆਪਣੇ ਖ਼ੁਦ ਦੀ ਬਿਆਨਬਾਜ਼ੀ ਕੀਤੀ ਹੈ। ਕਵਿਤਾ 'ਸ਼ਰਧਾਂਜਲੀ' 'ਚ ਮੈਂ ਫਿਰਕਾਪ੍ਰਸਤੀ ਵਿਚ ਬੇਮੌਤ ਮਰਿਆਂ ਬਾਰੇ ਲਿਖਿਆ ਹੈ

ਤੇ ਕਿਸੇ ਫਿਰਕਾਪ੍ਰਸਤ ਲੀਡਰ ਦੇ ਮੂੰਹ ਦੇ ਉਹ ਸ਼ਬਦ ਲਿਖੇ ਹਨ ਜਿਥੇ ਕਹਿੰਦਾ ਹੈ ਕੀ ਹੋਇਆ ਜੇ ਕੁਝ ਲੋਕ ਸਾਥੋਂ ਦੂਰ ਚਲੇ ਗਏ ਹਨ ਪਰ ਬਹੁਤੇ ਪਾਗਲ ਹਨ ਜੋ ਹੋਰਾਂ ਨਾਲ ਰਲ ਗਏ ਹਨ। ਇਨ੍ਹਾਂ ਤੋਂ ਇਲਾਵਾ ਪਰਦੇਸ ਦਾ ਦਰਦ ਮੈਂ ਆਪਣੀਆਂ ਕਵਿਤਾਵਾਂ 'ਪਰਦੇਸ' 'ਬੇਗਾਨੀ ਮਾਂ ਦਾ ਨਿੱਘ', 'ਮੇਰਾ ਦਰਦ', 'ਵਿਦੇਸ਼' ਆਦਿ ਵਿੱਚ ਵੀ ਬਿਆਨਣ ਦੀ ਕੋਸ਼ਿਸ਼ ਕੀਤੀ ਹੈ। ਕਵਿਤਾ 'ਧੀ' ਵਿੱਚ ਪੁੱਤਰ ਤੇ ਧੀ ਦੇ ਫ਼ਰਕ ਨੂੰ ਮਹਿਸੂਸ ਕੀਤਾ ਹੈ ਤੇ ਅਖੀਰ ਕਵਿਤਾ 'ਮੇਰੇ ਸਾਏ' ਵਿਚ ਉਸ ਪ੍ਰਮਾਤਮਾ ਤੋਂ ਲੈ ਕੇ ਕਿਸੇ ਨਾ ਕਿਸੇ ਮੋੜ ਤੇ ਮਦਦ ਕਰਨ ਵਾਲੇ ਹਰ ਸ਼ਖਸ ਨੂੰ ਧੰਨਵਾਦ ਕੀਤਾ ਜਿਸ ਵਿਚ ਤੁਸੀਂ ਵੀ ਸ਼ਾਮਲ ਹੋ.........

ਅੰਮ੍ਰਿਤ ਵਿਰਕ

## ਸੋਚ

ਪੜ੍ਹੇ ਲਿਖੇ ਨੂੰ ਮੂਰਖ ਕਹਿੰਦੇ ਲੋਕ
ਦੂਜਿਆਂ ਤੋਂ ਵੱਖਰਾ ਜੋ ਹੈ,
ਦੂਜੇ ਝੂਠ ਦੇ ਪਰਦੇ ਅੰਦਰੋਂ ਨਹੀਂ ਦੇਖ ਸਕਦੇ
ਵੇਖ ਸਕਦਾ ਜੋ ਉਹ ਹੈ
ਸਾਰੇ ਹੀ ਝੂਠ ਦੇ ਸਹਾਰੇ ਲੱਗਦੇ
ਪਰ ਉਸਦਾ ਤਾਂ ਸੱਚ ਨਾਲ ਮੋਹ ਹੈ
ਝੂਠਾ ਤਾਂ ਬਦਲ ਲਵੇਗਾ ਕਰਵਟ
ਪਰ ਸੱਚ ਦਾ ਹਰ ਪਾਸਾ ਇਕੋ ਜਿਹਾ ਹੈ
ਤਾਕਤਵਰ ਹੈ ਝੂਠਾ ਅੱਜ
ਲੋਕਾਂ ਦੀ ਤਾਕਤ ਉਸ ਨਾਲ ਜੁ ਹੈ,
ਨਹੀਂ ਲੜ ਸਕੇਗਾ ਸੱਚਾ ਉਸ ਨਾਲ
ਸਰਕਾਰੇ ਦਰਬਾਰੇ ਉਸ ਦੀ ਪਹੁੰਚ ਜੁ ਹੈ...

✵

## ਨਵਾਂ ਸਾਲ

ਆਉ ਦੁਆ ਕਰੀਏ
ਨਵੇਂ ਸਾਲ ਦੀ ਆਮਦ 'ਤੇ
ਪੰਛੀਆਂ ਦਾ ਵੀ ਆਗ਼ਾਜ਼ ਰਹੇ
ਵਸਦਾ ਦਿਲਾਂ 'ਚ ਪਿਆਰ ਰਹੇ
ਕੋਈ ਰੋਟੀ ਤੋਂ ਨਾ ਮੁਥਾਜ਼ ਰਹੇ
ਹਵਾ 'ਚ ਵਜਦਾ ਸਾਜ਼ ਰਹੇ
ਕੋਈ ਆਪਣਿਆਂ ਤੋਂ ਨਾ ਬਾਝ ਰਹੇ
ਬਣੀ ਸਭ ਦੀ ਸਭ ਨਾਲ ਸਾਂਝ ਰਹੇ
ਬੀਤੀ ਨਾ ਕੋਈ ਕੌੜੀ ਯਾਦ ਰਹੇ
ਖਿੜੇ ਫੁੱਲਾਂ 'ਚ ਹਮੇਸ਼ਾ ਗੁਲਾਬ ਰਹੇ
ਤੇ ਸਦਾ ਵਸਦਾ ਮੇਰਾ ਪੰਜਾਬ ਰਹੇ

## ਤੂੰ ਹੀ ਤੂੰ

ਸਾਹਾਂ ਵਿਚ ਤੂੰ, ਰਾਹਾਂ ਵਿਚ ਤੂੰ
ਜਿਧਰ ਵੇਖਾਂ ਤੂੰ ਹੀ ਤੂੰ
ਜਿਵੇਂ ਰੱਖੇਂ ਜਿੱਥੇ ਰੱਖੇਂ
ਤੇਰਿਆਂ ਕਦਮਾਂ 'ਚ ਰੱਖਾਂ ਆਪਣੇ ਆਪ ਨੂੰ
ਜੇ ਮੈਂ ਤੁਰਦਾ ਤੂੰ ਨਾਲ ਹੈਂ ਤੁਰਦਾ
ਜੇ ਤੂੰ ਵਿਛੜੇਂ, ਜਾਪੇ ਕੁਝ ਜਾਂਦਾ ਖੁਰਦਾ
ਤੂੰ ਹੀ ਦੋਸਤ ਤੂੰ ਹੀ ਮਿੱਤਰ
ਤੂੰ ਮੇਰਾ ਵਾਲੀ, ਬਖ਼ਸ਼ਣਹਾਰ ਵੀ ਤੂੰ
ਇਹ ਪੰਛੀ ਇਹ ਪਰਿੰਦੇ
ਤੇਰਾ ਹੀ ਗੁਣਗਾਨ ਮੈਨੂੰ ਸੁਣਾਉਂਦੇ
ਦੁਨੀਆਂ ਬੜੀ ਹੀ ਰੰਗ ਰੰਗੀਲੀ
ਬਿਨ ਤੇਰੇ ਇਹ ਸੁਪਨੇ ਮੈਨੂੰ ਨਾ ਭਾਉਂਦੇ।

## ਦੋਸ਼ੀ

ਮੈਂ ਦੋਸ਼ੀ ਕਿਉਂ ਨਾ ਕਹਾਵਾਂ
ਭੁਲਿਆ ਜੇ ਸਵੇਰ ਦਾ ਸ਼ਾਮ ਨੂੰ ਘਰ ਨਾ ਆਵਾਂ
ਕੋਸ਼ਿਸ਼ ਤਾਂ ਹੈ ਪਲ ਪਲ
ਪਰ ਇਸ ਲਾਲਚੀ ਦਿਲ ਨੂੰ ਕਿਵੇਂ ਮਨਾਵਾਂ
ਕਿੰਨਾ ਹਾਂ ਬੁਜ਼ਦਿਲ ਮੈਂ
ਸਾਇਆਂ 'ਚ ਖੁਭਿਆ ਮੈਂ ਆਪਣੇ ਆਪ ਨੂੰ ਭੁਲਦਾ ਜਾਵਾਂ
ਨਾ ਦੋਸਤੀ, ਨਾ ਹੀ ਰਿਸ਼ਤੇਦਾਰੀ
ਲੱਭਣ ਦੀ ਕੋਸ਼ਿਸ਼ 'ਚ ਖ਼ੁਦ ਹੀ ਰੁਲਦਾ ਜਾਵਾਂ
ਕਿੰਨੀ ਹੈ ਬੇਵਫਾਈ ਤੇ ਗੱਦਾਰੀ ਉਸ ਨਾਲ
ਸਾਹ ਜਿਸ ਨੇ ਬਖਸ਼ੇ, ਉਸ ਨੂੰ ਹੀ ਭੁਲਦਾ ਜਾਵਾਂ
ਕਿੰਨਾ ਦੋਸ਼ੀ ਆਪਣਾ ਤੇ ਉਸਦਾ
ਨਾ ਸੋਚਾਂ ਨਾ ਸਮਝਾਂ, ਕੀ ਖੋਹਵਾਂ ਕੀ ਪਾਵਾਂ

## ਦੋਸਤ

ਕਿੰਨਾ ਨਿਰਾਸ਼ ਹਾਂ ਮੈਂ ਘਰ ਆਪਣੇ ਆ ਕੇ
ਟੁਟਿਆ ਹੀ ਇਸ ਤਰ੍ਹਾਂ ਹਾਂ
ਮੈਨੂੰ ਵਰਤਣਾ ਚਾਹੁੰਦਾ ਹਰ ਕੋਈ
ਜਿਉਂ ਸੋਨੇ ਦੇ ਸਿੱਕੇ ਦੀ ਤਰ੍ਹਾਂ ਹਾਂ
ਨਾ ਕਰ ਸਕਾਂ ਜੇ ਮਦਦ ਕਿਸੇ ਦੀ
ਉਸ ਲਈ ਕੁਝ ਵੀ ਤਾਂ ਨਹੀਂ ਹਾਂ
ਸਭ ਇਸ ਤਰ੍ਹਾਂ ਸੋਚਦੇ ਨੇ, ਪੈਸੇ ਨਾਲ ਹੈ ਦੋਸਤੀ
ਜੇ ਨਾ ਖਰਚਾਂ ਤਾਂ ਮੈਂ ਉਹਨਾਂ ਦੇ ਕੰਮ ਦਾ ਨਹੀਂ ਹਾਂ
ਪਰ ਮੈਂ ਲੱਭਦਾ ਦੋਸਤੀ ਦਾ ਨਿੱਘ ਪਹਿਲਾਂ ਵਾਂਗ
ਸੱਚਮੁੱਚ ਮੈਂ ਮੂਰਖ ਹੀ ਹਾਂ...

## ਤੇਰੀ ਖੁਸ਼ੀ

ਖੁਸ਼ੀ ਤੇਰੀ ਲਈ ਮੈਂ ਕਿੰਨਾਂ ਸੋਚਿਆ
ਤੈਨੂੰ ਇਹ ਕਿਉਂ ਨਹੀਂ ਭਾਉਂਦੀ
ਬਣ ਜਾਵਾਂ ਵਾਂਗ ਜੋਕਰ ਕਈ ਵਾਰ
ਤੂੰ ਫਿਰ ਵੀ ਨਹੀਂ ਮੁਸਕਰਾਉਂਦੀ
ਸ਼ਾਇਦ ਤੂੰ ਹੀ ਇੰਨੀ ਦੁਖੀ
ਤੈਨੂੰ ਚਾਹ ਕੇ ਵੀ ਹਾਸੀ ਨਹੀਂ ਆਉਂਦੀ
ਤੇ ਜਾਂ ਫਿਰ ਤੂੰ ਖੁਸ਼ ਵੀ ਏਂ
ਤੂੰ ਹੱਸਣਾ ਹੀ ਨਹੀਂ ਚਾਹੁੰਦੀ
ਪਰ ਮੈਨੂੰ ਤਾਂ ਇਹ ਲੱਗਦਾ
ਮੇਰਾ ਹੀ ਏ ਕਸੂਰ
ਮੈਨੂੰ ਖੁਸ਼ੀ ਦੇਣੀ ਹੀ ਨਹੀਂ ਆਉਂਦੀ....

## ਰੱਬਾ

ਤੂੰ ਮੈਨੂੰ ਨਾ ਲੱਭਿਆ
ਮੈਂ ਮੂਰਖ ਤੈਨੂੰ ਕਿੱਥੇ-ਕਿੱਥੇ ਲੱਭਦਾ ਰਿਹਾ
ਕਦੇ ਪਹਾੜੀ ਤੇ ਕਦੇ ਰੇਗਿਸਤਾਨ
ਐਵੇਂ ਹੀ ਖਪਦਾ ਰਿਹਾ
ਕਦੇ ਮੰਦਿਰ, ਕਦੇ ਮਸਜਿਦ
ਦਰ ਐਵੇਂ ਹੀ ਚਟਦਾ ਰਿਹਾ
ਕਦੇ ਮੈਂ ਸਾਧੂ, ਕਦੇ ਭਿਖਾਰੀ
ਭੇਸ ਵੀ ਮੇਰਾ ਵਟਦਾ ਰਿਹਾ
ਕਦੇ ਭੁੱਖਾ, ਕਦੇ ਪਿਆਸਾ
ਤੇਰੇ ਪਿੱਛੇ ਨੱਠਦਾ ਰਿਹਾ
ਭਾਵੇਂ ਚੋਰ, ਭਾਵੇਂ ਡਾਕੂ
ਪੂਜਾ ਤੇਰੀ ਕਰਦਾ ਰਿਹਾ
ਤੇ ਤੂੰ ਮੇਰਿਆ ਰੱਬਾ!
ਮੇਰੇ ਅੰਦਰ ਬੈਠਾ ਹੀ, ਮੇਰੇ 'ਤੇ ਹੱਸਦਾ ਰਿਹਾ...

## ਮੇਰੀ ਅਰਾਧਨਾ

ਕਿੰਨਾ ਪਾਪੀ ਹਾਂ ਮੈਂ
ਦਰ ਤੇਰੇ ਵੀ ਆ ਸਕਿਆ ਨਹੀਂ
ਦਿਲੋਂ ਭਾਵੇਂ ਰੱਖਾਂ ਕਿੰਨੀ ਸ਼ਰਧਾ
ਸਨਮੁਖ ਤੇਰੇ ਜਾ ਸਕਿਆ ਨਹੀਂ
ਸੁਣਦਾ ਰੋਜ਼ ਹਾਂ ਕਈ ਕੁਝ
ਪਰ ਰਸ ਤੇਰੀ ਬਾਣੀ ਦਾ
ਕੰਨੀਂ ਆਪਣੇ ਪਾ ਸਕਿਆ ਨਹੀਂ,
ਸੁਣਦਾ ਹਾਂ ਹਰ ਰੋਜ਼ ਬਾਣੀ ਤੇਰੀ
ਪਰ ਦਿਲ ਆਪਣੇ ਤੋਂ ਅਮਲ ਕਰਾ ਸਕਿਆ ਨਹੀਂ
ਕਿੱਡਾ ਮਹਿਲ ਹੈ ਕੂੜ ਦਾ ਦਿਲ ਮੇਰੇ ਅੰਦਰ
ਚਾਹ ਕੇ ਵੀ ਇਹ ਢਾਅ ਸਕਿਆ ਨਹੀਂ
ਕਿੰਨੀ ਵੱਡੀ ਹੈ ਹਸਤੀ ਤੇਰੀ
ਇਹ ਅੰਦਾਜ਼ਾ ਵੀ ਕਦੇ ਲਾ ਸਕਿਆ ਨਹੀਂ
ਸੱਚਮੁੱਚ ਮੈਂ ਹੀ ਨੀ ਕਾਬਿਲ ਏਸ ਦੇ
ਏਸੇ ਲਈ ਤਾਂ ਤੈਨੂੰ ਅਜੇ ਤੱਕ ਰੱਬਾ! ਪਾ ਸਕਿਆ ਨਹੀਂ...

## ਤੇਰੇ ਅਹਿਸਾਨ

ਮਾਫ ਕਰੀਂ ਮੈਨੂੰ, ਖੁਸ਼ੀ ਕੋਈ ਝੋਲੀ ਤੇਰੀ ਪਾ ਸਕਿਆ ਨਹੀਂ,
ਕੀਤੇ ਸੀ ਵਾਅਦੇ, ਸਿਰੇ ਕੋਈ ਚੜ੍ਹਾ ਸਕਿਆ ਨਹੀਂ
ਝੁਕ ਗਿਆ ਸੀ ਦੁਨੀਆਂ ਮੂਹਰੇ, ਹੱਥ ਤੈਨੂੰ ਫੜਾ ਸਕਿਆ ਨਹੀਂ
ਤੂੰ ਤਾਂ ਕੋਸ਼ਿਸ਼ ਕੀਤੀ ਬੇੜੀ ਕੰਢੇ ਲਾਉਣ ਦੀ
ਮਾਫ ਕਰੀਂ ਮੈਂ ਡੁਬਣੋਂ ਤੈਨੂੰ ਬਚਾ ਸਕਿਆ ਨਹੀਂ

**

ਚੁੱਕਿਆ ਸੀ ਪੈਰ ਤੇਰੇ ਵੱਲ ਆਉਣ ਲਈ
ਗਲਤ ਰਾਹੇ ਧਰ ਹੋ ਗਿਆ
ਤੂੰ ਤਾਂ ਰਹਿ ਗਈ ਇਕੱਲੀ ਉਡੀਕਦੀ ਮੈਨੂੰ
ਤੇ ਮੈਂ ਦੁਨੀਆਂ ’ਚ ਰਲ਼ ਹੋ ਗਿਆ
ਕਿਵੇਂ ਕਹਾਂ, ਹੈ ਨਹੀਂ ਕਸੂਰ ਕੋਈ ਮੇਰਾ
ਮੈਂ ਹੀ ਦੁਨੀਆਂ ਦੇ ਵੱਲ ਹੋ ਗਿਆ
ਤੇਰੇ ਲਈ ਮੈਥੋਂ ਨਹੀਂ ਹੋਇਆ ਸੀ ਬਰਦਾਸ਼ਤ ਕੁਝ ਵੀ
ਮੇਰੇ ਲਈ ਤੈਥੋਂ ਤਾਂ ਸਭ ਕੁਝ ਝੱਲ ਹੋ ਗਿਆ

**

ਕੰਡਿਆਂ ’ਤੇ ਤੁਰ ਕੇ ਵੀ ਤੂੰ ਤਾਂ ਗਈ ਸੀ ਮੰਜ਼ਿਲ ਦੇ ਵੱਲ
ਚੀਸ ਸੀ ਬੜੀ, ਨਹੀਂ ਤੁਰ ਸਕਿਆ
ਮੈਥੋਂ ਨਹੀਂ ਹੋਈ ਝੱਲ
ਤੂੰ ਤਾਂ ਮੁਕਾਉਣੀ ਚਾਹੀ ਵਾਟ
ਤੇ ਮੈਂ ਉਡੀਕਦਾ ਰਿਹਾ ਆਉਣ ਵਾਲਾ ਕੱਲ੍ਹ
ਬਚਾ ਲਿਆ ਦਿਲ ਮੈਂ ਆਪਣਾ ਜ਼ਖ਼ਮੀ ਹੋਣੋਂ
ਰੋਕ ਨਾ ਸਕਿਆ ਮੈਂ ਹੋਣੋਂ ਸੀਨੇ ਤੇਰੇ ਸੱਲ

**

ਚਾਹੁੰਦਾ ਤਾਂ ਸ਼ਾਇਦ ਮੈਂ ਰੱਖ ਲੈਂਦਾ ਰੋਕ ਕੇ ਤੂਫਾਨਾਂ ਨੂੰ
ਖੁਦਗਰਜ਼ ਹੋ ਗਿਆ ਸੀ, ਨਾ ਮੈਂ ਯਾਦ ਕੀਤਾ ਤੇਰੇ ਅਹਿਸਾਨਾਂ ਨੂੰ
ਨਾ ਸਮਝ ਆਈ ਮੈਨੂੰ ਤੇਰੀ ਦਰਿਆਦਿਲੀ
ਤੇ ਮੈਂ ਘਰ ਬੁਲਾਉਂਦਾ ਰਿਹਾ ਸ਼ੈਤਾਨਾਂ ਨੂੰ
ਫੁੱਲ ਤੇਰੇ ਕੁਮਲਾ ਗਏ ਤੇਰੇ ਹੀ ਹੱਥਾਂ ਵਿਚ
ਤੇ ਮੈਂ ਜੀ ਆਇਆਂ ਕਹਿੰਦਾ ਰਿਹਾ ਹੋਰਾਂ ਮਹਿਮਾਨਾਂ ਨੂੰ...

# ਮੈਂ

ਕਰ ਨਹੀਂ ਸਕਦਾ ਤੇਰੇ ਲਈ ਕੁਝ, ਬੜਾ ਮਜਬੂਰ ਹਾਂ ਮੈਂ
ਦਿਲੋਂ ਨਹੀਂ ਦੂਰ, ਉਂਝ ਭਾਵੇਂ ਬੜਾ ਦੂਰ ਹਾਂ ਮੈਂ
ਭੁਲਾ ਨਹੀਂ ਸਕੇਂਗੀ ਕਦੇ ਵੀ ਮੈਨੂੰ, ਬਣਿਆ ਨਾਸੂਰ ਹਾਂ ਮੈਂ
ਉਂਝ ਭਾਵੇਂ ਹੌਸਲਾ ਦਿੰਦਾ ਤੈਨੂੰ, ਪਰ ਦਿਲੋਂ ਚੂਰ-ਚੂਰ ਹਾਂ ਮੈਂ
ਚੜ੍ਹਿਆ ਸੀ ਕਦੇ ਪਰ ਨਸ਼ਾ ਸੀ ਕਰਦਾ, ਹੁਣ ਉਹ ਸਰੂਰ ਹਾਂ ਮੈਂ
ਦਿਲ ਦਾ ਕਾਲਾ ਆਦਮੀ, ਇਮਾਨਦਾਰੀ ਲਈ ਮਸ਼ਹੂਰ ਹਾਂ ਮੈਂ
ਸਮਾਂ ਆਉਣ ਤੋਂ ਪਹਿਲਾਂ ਝੜ ਗਿਆ, ਉਹ ਬੂਰ ਹਾਂ ਮੈਂ
ਚਿਹਰੇ ਤੇਰੇ 'ਤੇ ਖੁਸ਼ੀਆਂ ਲੈ ਕੇ ਸੀ ਚੜ੍ਹਨਾ, ਉਹ ਨੂਰ ਹਾਂ ਮੈਂ
ਮਾਫੀ ਯੋਗ ਵੀ ਨਹੀਂ, ਪਰ ਮੰਗਦਾ ਜ਼ਰੂਰ ਹਾਂ ਮੈਂ
ਸੱਚ ਹੈ, ਮੈਂ ਕਤਲ ਕੀਤਾ ਤੇਰੇ ਚਾਵਾਂ ਦਾ,
ਪਰ ਸੱਚ ਜਾਣੀਂ ਬੇਕਸੂਰ ਹਾਂ ਮੈਂ...।

## ਦਿਲ

ਉਲਟ ਹੋ ਗਿਆ ਸੋਚ ਤੋਂ
ਕਾਹਲੀ 'ਚ ਫੈਸਲਾ ਜੋ ਹੋ ਗਿਆ
ਮੋਢੀ ਸੀ ਜੋ ਦਲੇਰੀ ਦਾ
ਸਮਾਂ ਬੀਤਿਆ ਉਹ ਵੀ ਰੋ ਪਿਆ
ਲੁਕਾਇਆ ਸੀ ਜੋ ਆਪਣੇ ਤੋਂ ਚੋਰੀ
ਹੈਰਾਨ ਹਾਂ ਮੈਂ ਕਿਵੇਂ ਖੋ ਗਿਆ।

## ਤੇਰੀ ਸੋਚ

ਦੂਸਰਿਆਂ ਨੂੰ ਰੋਕਣ ਦੀ ਨਾ ਕਰੀਂ ਕੋਸ਼ਿਸ਼ ਦੋਸਤਾ!
ਆਪ ਹੀ ਪਾਸੇ ਹਟ ਜਾਈਂ ਰਾਹ ਬੜਾ ਤੇਜ਼ ਹੈ

ਜੇ ਕੋਸ਼ਿਸ਼ ਕੀਤੀ ਤੂੰ ਖੜ੍ਹਨ ਦੀ ਹਵਾਵਾਂ ਤੋਂ ਉਲਟ
ਖੜ੍ਹਨ ਨਹੀਂ ਦੇਣਾ ਤੈਨੂੰ, ਹਵਾਵਾਂ ਨੂੰ ਸਮੇਂ ਦਾ ਨਿਰਦੇਸ਼ ਹੈ

ਸਭ ਕੁਝ ਉੱਗਦਾ ਇੱਥੇ, ਪਰ ਤੂੰ ਮੁਰਝਾ ਜਾਵੇਂਗਾ
ਖੁੱਭ ਨਾ ਜਾਵੀਂ, ਇੱਥੇ ਥਾਂ ਬੜੀ ਜਰਖੇਜ਼ ਹੈ

ਲੱਖ ਕਹਿਣ 'ਤੇ ਵੀ ਤੂੰ ਨਾ ਮੁੜਿਆ ਦੋਸਤਾ!
ਅਸੀਂ ਰੁਕ ਨਹੀਂ ਸਕਦੇ, ਪਰ ਮੌਤ ਤੇਰੀ ਦਾ ਸਾਨੂੰ ਖੇਦ ਹੈ

ਤੇਰੀ ਮੌਤ ਲਿਖ ਦਿੱਤੀ ਸੀ ਤੁਰਨ ਤੋਂ ਪਹਿਲਾਂ
ਤੇਰੀ ਸੋਚ ਹੀ ਬਣੇਗੀ ਮੌਤ ਤੇਰੀ, ਇਹ ਵੀ ਇਕ ਭੇਦ ਹੈ

## ਬਿਗਾਨੇ

ਉਹ ਸੀ ਬਿਗਾਨੇ, ਹੈ ਵੀ ਬਿਗਾਨੇ, ਰਹਿਣਗੇ ਸਦਾ
ਕੀ-ਕੀ ਪਾਪ ਦਿਲ 'ਚ ਉਹਨਾਂ ਦੇ, ਤੂੰ ਕੀ ਜਾਣੇਂ ਭਲਾ
ਨਿੱਕੀ-ਨਿੱਕੀ ਰੀਝ ਤੇਰੀ ਮਾਰਦੇ ਨੇ,
ਤੂੰ ਫਿਰ ਵੀ ਆਖੀ ਜਾਵੇਂ ਉਹ ਨੇ ਮੇਰੇ ਸਦਾ
ਕਿੰਨਾ ਤੂੰ ਬਣ ਉਹਨਾਂ ਦਾ, ਹੋ ਨਾ ਭਾਵੇਂ ਜੁਦਾ
ਤੂੰ ਤਾਂ ਨਿਸ਼ਾਵਰ ਕਰ ਰੀਝਾਂ ਤੇ ਚਾਅ ਉਨ੍ਹਾਂ 'ਤੇ
ਇਹਨਾਂ ਸਭ ਮਿਹਰਬਾਨੀਆਂ ਦੀ ਤੂੰ ਭੁਗਤੇਂਗਾ ਸਜ਼ਾ
ਲੱਖ ਵਾਰ ਤੈਨੂੰ ਰੋਕਿਆ, ਨਾ ਕਦਮ ਹੋਰ ਵਧਾ
ਤੇਰੀ ਰੱਖੀ ਇਕ-ਇਕ ਪੈੜ ਨਾ ਮੁੜਨ ਦੇਵੇਗੀ ਤੈਨੂੰ
ਇਹ ਹੀ ਤੇਰੀ ਜ਼ੰਜੀਰ ਹੋਵੇਗੀ, ਇਹ ਹੀ ਸਜ਼ਾ
ਤੂੰ ਭੁਗਤੇਂਗਾ ਸਜ਼ਾ ਵਿਰਕਾ! ਤੂੰ ਭੁਗਤੇਂਗਾ ਸਜ਼ਾ....

## ਜ਼ਿੰਦਗੀ

ਹਾਰ ਤਾਂ ਸਾਹਮਣੇ ਹੈ ਬੇਲੀਓ!
ਜੇ ਜਿੱਤਣ ਦਾ ਇਰਾਦਾ ਹੀ ਨਾ ਕਰੀਏ
ਕੀ ਹੈ ਟੁੱਟਣਾ ਇਹੋ ਜਿਹੇ ਵਾਅਦੇ ਨੇ
ਜਿਹਨੂੰ ਨਿਭਾਉਣ ਦਾ ਵਾਅਦਾ ਨਾ ਕਰੀਏ
ਇਨਸਾਨ ਤਾਂ ਹੈ ਹੀ ਹੈਵਾਨ
ਜੇ ਰੱਬ ਕੋਲੋਂ ਨਾ ਡਰੀਏ
ਭਾਵੇਂ ਜਿਉਣ ਲਈ ਕੋਈ ਹੈ ਵੀ ਨੀ ਬਹਾਨਾ
ਜੇ ਜਿਉਂਈਏ ਨਾ ਤਾਂ ਕੀ ਕਰੀਏ
ਛੱਡ ਮਾਂਵਾਂ, ਵੀਰ, ਭੈਣ, ਬਾਪੂ ਆਏ ਪ੍ਰਦੇਸ
ਐਸ਼ ਹੈ ਇੱਥੇ, ਝੂਠ ਨਾ ਬੋਲੀਏ ਤਾਂ ਯਾਰਾ ਕੀ ਕਰੀਏ
ਡਾਲਰਾਂ ਦੇ ਬੋਝ ਥੱਲੇ ਮਰ ਗਈਆਂ ਰੀਝਾਂ
ਰੀਝਾਂ ਦੀਆਂ ਅਰਥੀਆਂ ਨਾ ਚੱਕੀਏ ਤਾਂ ਕੀ ਕਰੀਏ
ਜੇ ਵਿਰਕਾ 'ਰਿਸ਼ਤਿਆਂ' ਦੇ ਦੀਵੇ ਰੱਖਣੇ ਆ ਜਗਦੇ
ਫਿਰ ਜ਼ਿੰਦਗੀ ਜੀਣੀ ਆ ਕਿੱਦਾਂ
ਇਹਦਾ ਫਿਕਰ ਨਾ ਕਰੀਏ....

✵

## ਮੇਰੀ ਉਡੀਕ

ਹੇ ਮੇਰੀ ਅੰਮੀ ਦੇ ਵਿਹੜੇ! ਹੇ ਮੇਰੇ ਬਾਪੂ ਦੀ ਸਰਦਾਰੀ!
ਰੱਖਿਓਂ ਉਮੀਦ ਕਿਤੇ ਬੰਦ ਨਾ ਕਰ ਲਇਉ ਦੁਆਰੀ
ਮੈਂ ਆਵਾਂਗਾ ਮੁੜ ਕੇ ਕਿਤੇ ਭੇੜ ਨਾ ਦਿਉ ਬਾਰੀ

ਹੇ ਮੇਰੇ ਪਿੰਡ ਦੇ ਖੇਤੋ! ਮੇਰੀਉ ਮਿੱਟੀਉ ਤੇ ਰੇਤੋ!
ਮੇਰੇ ਖੂਹ ਦੇ ਪਾਣਿਉ ਤੇ ਮੇਰੇ ਹਾਣਿਉ!
ਭੁਲ ਨਾ ਜਾਇਉ ਕਿਤੇ ਮੈਨੂੰ ਮੁੜ ਆਏ ਨੂੰ ਨਾ ਪਛਾਣਿਓ

ਹੇ ਮੇਰੇ ਸੋਹਣਿਉ ਰੁੱਖੋ! ਮੇਰੀ ਮਾਂ ਦੀਉ ਚੁੱਪੋ!
ਚਮਕਦੀਉ ਧੁੱਪੋ! ਤੇ ਵਗਦੀਉ ਹਵਾਓ!
ਗਲ ਲੱਗ ਮਿਲਿਉ ਮੇਰੇ ਕਿਤੇ ਪਰਾਏ ਨਾ ਹੋ ਜਾਇਓ

ਹੇ ਮੇਰੇ ਚਾਚਿਓ ਤੇ ਤਾਇਓ! ਚੁੱਪ ਨਾ ਹੋ ਜਾਇਓ
ਮੁੜ ਆਉਣ ਤੱਕ ਮੇਰੇ ਨਜ਼ਰਾਂ ਵਿਛਾਇਓ
ਆਵਾਂਗਾ ਜ਼ਰੂਰ ਵਾਅਦਾ ਮੇਰਾ ਕਿਤੇ ਵਿੱਛੜ ਨਾ ਜਾਇਓ

ਹੇ ਮੇਰੇ ਪਿੰਡ ਦੀ ਗਲੀਓ! ਹੋਰਾਂ ਨਾਲ ਨਾ ਰਲਿਓ!
ਸੋਹਣੇ ਫੁੱਲੋ ਤੇ ਕਲੀਓ! ਧੁੱਪਾਂ ਵਿਚ ਨਾ ਸੜਿਓ
ਟਹਿਕਦੇ ਰਹਿਣਾ ਮੇਰੇ ਗਲ ਲੱਗ ਮਿਲਿਓ

ਹੇ ਮੇਰੇ ਦਿਲ ਦਿਓ ਜਜ਼ਬਾਤੋ! ਤੇ ਮੇਰਿਓ ਅਰਮਾਨੋ!
ਰੀਝੋ ਤੇ ਚਾਓ! ਰਲ ਮਿਲ ਕੇ ਆਓ
ਜਗਦੇ ਰਹਿਣਾ ਕਿਤੇ ਬੁੱਝ ਹੀ ਨਾ ਜਾਇਓ

ਹੇ ਮੇਰੇ ਦਿਨੋ ਤੇ ਰਾਤੋ! ਮੇਰੀ ਦਾਦੀ ਦੀਉ ਬਾਤੋ!
ਉਡਦੇ ਪੰਛਿਓ ਪਰਿੰਦਿਓ ਰੁੱਤੋ ਤੇ ਤਿਉਹਾਰੋ!
ਗਾਉਂਦੇ ਰਹਿਣਾ ਗੀਤ ਮੇਰੇ ਆਉਣ ਤੱਕ ਨਾ ਹਾਰਿਓ

ਹੇ ਮੇਰੇ ਵਗਦਿਓ ਸਾਹੋ! ਮੇਰੇ ਲੇਖੋ ਤੇ ਰਾਹੋ!
ਮੈਨੂੰ ਵਾਪਸ ਜਾਣ ਦਿਉ, ਕਿਤੇ ਰਾਹਾਂ 'ਚ ਨਾਂ ਰਹਿ ਜਾਇਓ
'ਕੱਲਾ ਨਹੀਂ ਤੁਰ ਹੋਣਾ ਮੈਥੋਂ, ਮੇਰੇ ਪਿੱਤਰਾਂ ਨਾਲ ਜਾ ਮੈਨੂੰ ਮਿਲਾਇਓ।

✵

## ਸਾਡਾ ਖ਼ੁਦਾ

ਮੇਰੇ ਵੀ ਅਰਮਾਨ ਵਿਕ ਜਾਣਗੇ ਕਿਸੇ ਭਾ
ਆਵੇਗਾ ਕੋਈ ਖ਼ੁਦਾ ਮੇਰਾ ਦਲਾਲ ਬਣਕੇ

ਮੇਰੀ ਹਿੱਕ ਦੀ ਪੈੜ ਨਾ ਮਿਟੇਗੀ ਕਦੇ
ਭਾਵੇਂ ਲੱਖਾਂ ਪਾਂਧੀ ਲੰਘਣ ਇੱਥੋਂ ਰਾਹ ਬਣਕੇ

ਮੇਰਾ ਰਾਜਕੁਮਾਰ ਨਾ ਮਿਲੇਗਾ ਮੈਨੂੰ
ਭਾਵੇਂ ਮੈਂ ਜਾਵਾਂ ਲੱਖ ਵਾਰ ਸੱਜ ਕੇ

ਮੈਂ ਖੋਲ੍ਹੇ ਬੂਹੇ ਲੱਖ ਵਾਰ ਪੌਣ ਲਈ
ਹਮੇਸ਼ਾ ਮੁੜਦੀ ਰਹੀ ਉਹ ਪੱਤਿਆਂ ਨਾਲ ਖੜਾਕ ਕਰਕੇ

ਮੈਂ ਜਿਨ੍ਹਾਂ ਲਈ ਬੋਲੇ ਹਜ਼ਾਰਾਂ ਝੂਠ
ਮੈਨੂੰ ਹੀ ਕੈਦ ਕਰਾ ਗਏ ਉਹ ਗਵਾਹ ਬਣਕੇ

ਕੀ ਗਿਲਾ ਕਰਾਂ ਉਸ ’ਤੇ ਤੇ ਕੀ ਰੋਸਾ
ਜੋ ਵਿਛੜਿਆ ਸਾਥੋਂ ਸਾਡਾ ਹੀ ਖ਼ੁਦਾ ਬਣਕੇ

## ਬੱਚੇ

ਕਿਉਂ ਦੇਂਨਾਂ ਏਨਾ ਦਰਦ ਤੂੰ ਨੰਨ੍ਹੀਆਂ ਜਾਨਾਂ ਨੂੰ
ਤਰਸ ਕੁਝ ਕਰਿਆ ਕਰ ਰੱਬਾ!
ਨਹੀਉਂ ਝੱਲ ਹੁੰਦੇ ਇਹੋ ਜਿਹੇ ਦਰਦ ਮਾਸੂਮਾਂ ਤੋਂ
ਖਿਆਲ ਕੁਝ ਕਰਿਆ ਕਰ ਰੱਬਾ!
ਦਿਆ ਕਰ ਤਵੱਜੋ ਇਹਨਾਂ ਨੂੰ
ਸਾਡੇ ਹਾਲ ਤੋਂ ਨਾ ਡਰਿਆ ਕਰ ਰੱਬਾ!
ਫੁੱਲਾਂ ਜਿਹੇ ਮਾਸੂਮ ਇਹ ਹੱਸਦੇ ਹੀ ਸੋਂਹਦੇ ਨੇ
ਦੁੱਖ ਦੇਣ ਤੋਂ ਗੁਰੇਜ਼ ਤੂੰ ਕਰਿਆ ਕਰ ਰੱਬਾ!
ਤੋਤਲੀਆਂ ਜ਼ੁਬਾਨਾਂ ਦੀ ਹਾਏ ਨਹੀਂ ਸਹਾਰ ਹੁੰਦੀ ਮੈਥੋਂ
ਤੂੰ ਦਰਦ ਦੇਣ ਤੋਂ ਡਰਿਆ ਕਰ ਰੱਬਾ!
ਅਸੀਂ ਹਾਂ ਕਾਲੇ, ਦਿਲ ਵੀ ਕਾਲੇ, ਕੰਮ ਵੀ ਕਾਲੇ ਹੀ ਕਰੀਏ
ਪਰ ਤੂੰ ਤਾਂ ਰੱਬ ਹੈ ਰੱਬ ਵਾਲੇ ਹੀ ਕੰਮ ਕਰਿਆ ਕਰ ਰੱਬਾ!

## ਮੇਰੇ ਸਾਏ

ਮੈਂ ਸਦਕੇ ਉਨ੍ਹਾਂ ਸਾਇਆਂ ਦੇ, ਜਿਨ੍ਹਾਂ ਆਪਣਿਆਂ ਵਾਂਗ ਅਪਣਾਇਆ ਮੈਨੂੰ
ਮੈਂ ਏਨੇ ਯੋਗ ਨਹੀਂ ਸੀ ਪਰ ਉਹਨਾਂ ਗਲ਼ ਨਾਲ ਲਾਇਆ ਮੈਨੂੰ
ਪੈਰ ਪੈਰ ਦਿੱਤਾ ਸਹਾਰਾ, ਤੁਰਨਾ ਸਿਖਾਇਆ ਮੈਨੂੰ
ਲੱਖ ਵਾਰ ਸੀ ਡਿੱਗਿਆ ਮੈਂ, ਉਹਨਾਂ ਉੱਠ ਕੇ ਸੰਭਲਣਾ ਸਿਖਾਇਆ ਮੈਨੂੰ
ਮੈਂ ਸਦਕੇ ...............
ਲੱਖਾਂ ਵਾਰ ਮੈਂ ਭਟਕ ਕੇ ਗਲਤ ਰਸਤੇ ਤੁਰਿਆ ਹੋਵਾਂਗਾ
ਟੁੱਟਿਆ ਹੋਵਾਂਗਾ ਤੜਫਿਆਂ ਹੋਵਾਂਗਾ ਵਾਂਗ ਰੇਤੇ ਖੁਰਿਆ ਹੋਵਾਂਗਾ
ਖੁੱਸਿਆ ਹੋਵੇਗਾ ਕੁਝ ਤਾਂ ਡਰਿਆ ਹੋਵਾਂਗਾ ਰੁਲ਼ਿਆ ਹੋਵਾਂਗਾ
ਦਿੱਤਾ ਫਿਰ ਦਿਲਾਸਾ ਉਨ੍ਹਾਂ ਪਿਆਰ ਨਾਲ ਬੁਲਾਇਆ ਮੈਨੂੰ
ਮੈਂ ਸਦਕੇ ..............
ਜ਼ਿੰਦਗੀ ਦੀਆਂ ਠੋਕਰਾਂ ਤੋਂ ਡਰ ਕੇ ਨੱਸਿਆ ਹੋਵਾਂਗਾ
ਡਰ ਮੁਸ਼ਕਲਾਂ ਤੋਂ ਹਜ਼ਾਰਾਂ ਵਾਰ ਰੱਬ ਨਾਲ ਵੀ ਰੁੱਸਿਆ ਹੋਵਾਂਗਾ
ਨਹੀਂ ਸੀ ਕੋਲ ਮੇਰੇ ਹੌਸਲਾ ਬੁਲੰਦ, ਜ਼ਰੂਰ ਟੁੱਟਿਆ ਹੋਵਾਂਗਾ
ਬੇਬਸ ਹੋਏ ਨੂੰ ਕਰਨਾ ਹੌਸਲਾ ਸਿਖਾਇਆ ਮੈਨੂੰ
ਮੈਂ ਸਦਕੇ...........
ਕਈ ਵਾਰ ਮੈਂ ਨਾਦਾਨਪੁਣੇ ਵਿਚ ਮੰਦਾ ਵੀ ਬੋਲਿਆ ਹੋਵੇਗਾ
ਕਰ ਕੇ ਗਲਤੀਆਂ ਨਹੀਂ ਸਮਝਿਆ, ਉਨ੍ਹਾਂ ਦਾ ਇੱਜ਼ਤ ਮਾਣ ਵੀ ਰੋਲ਼ਿਆ ਹੋਵੇਗਾ
ਦੋਸ਼ ਵੀ ਦਿੱਤੇ ਹੋਣੇ ਨੇ ਉਨ੍ਹਾਂ ਨੂੰ, ਨਾ ਆਪਣਾ ਆਪ ਫੋਲਿਆ ਹੋਵੇਗਾ
ਪਰ ਫਿਰ ਵੀ ਦਿਲ ਦੇ ਵੱਡੇ ਲੋਕਾਂ ਨੇ, ਗਲ਼ ਨਾਲ ਲਾਇਆ ਮੈਨੂੰ
ਮੈਂ ਸਦਕੇ ..............

## ਸ਼ਰਧਾਂਜਲੀ

ਸ਼ਰਧਾਂਜਲੀ ਦੇਣਾ ਉਹਨਾਂ ਸਾਰਿਆਂ ਨੂੰ
ਜੋ ਬੇਮੌਤ ਹੀ ਇੱਥੋਂ ਤੁਰ ਗਏ ਨੇ

ਜਿਉਣਾ ਚਾਹੁੰਦੇ ਉਹ ਵੀ ਦੂਸਰਿਆਂ ਵਾਂਗ
ਫਿਰਕਾਪ੍ਰਸਤੀ ਦੇ ਹੜ੍ਹ 'ਚ ਰੁੜ੍ਹ ਗਏ ਨੇ

ਜਿਉਂਦੇ ਜੀਅ ਤਾਂ ਮਿਲੇ ਨਾ ਕਦੇ
ਲੋਥਾਂ ਬਣਕੇ ਹਿੰਦੂ ਮੁਸਲਮਾਨ ਜੁੜ ਗਏ ਨੇ

ਗੋਲੀਆਂ ਤੇ ਬਾਕੀ ਨੇ ਬਾਰੂਦ 'ਚ
ਖਾਣ ਵਾਲੇ ਹੀ ਥੁੜ੍ਹ ਗਏ ਨੇ

ਇਕ ਕਹੇ ਰਾਮ ਤੇ ਦੂਜਾ ਰਹੀਮ
ਡੁੱਲ੍ਹੇ ਖ਼ੂਨ 'ਚ ਰਾਮ ਰਹੀਮ ਘੁਲ ਗਏ ਨੇ

ਕੀ ਹੋਇਆ ਜੇ ਸਮਝ ਗਏ ਕੁਝ ਸਾਡੀ ਚਾਲ
ਟੁੱਟਣ ਵਾਲਿਆਂ ਤੋਂ ਬਹੁਤੇ ਪਾਗਲ ਨਾਲ ਜੁੜ ਗਏ ਨੇ

✱

## ਅੰਨ੍ਹੇ ਨਿਸ਼ਾਨਚੀ

ਕਿੱਥੋਂ ਮੋੜਾਂ ਉਹ ਸਾਰੇ ਮੇਰੇ ਵਿਛੜੇ ਯਾਰ
ਬੰਦੂਕ ਨੇ ਲੱਖਾਂ ਅਰਮਾਨ ਜੋ ਫੂਕੇ ਨੇ
ਬੱਸ ਇਕ ਆਖਰੀ ਹੀ ਚੀਜ਼ ਹੈ ਸਿਸਕੀ
ਬਾਰੂਦ ਦੇ ਢੇਰ 'ਤੇ ਜੋ ਕਦੇ ਨਾ ਚੂਕੇ ਨੇ
ਨਿਚੋੜਿਆ ਹੈ ਹਰ ਇਕ ਦਾ ਖ਼ੂਨ ਇਸ ਨੇ
ਇਸ ਜ਼ਾਲਮ ਨੇ ਹਥਿਆਰ ਜੋ ਚੁੱਕੇ ਨੇ
ਹਉਕਿਆਂ ਤੇ ਕੀਰਨਿਆਂ ਦਾ ਵੀ ਨਹੀਂ ਅਸਰ
ਹਰ ਚੜ੍ਹਦੀ ਸਵੇਰ ਕਿਸੇ ਨਾ ਕਿਸੇ ਦੇ ਅਰਮਾਨ ਲੁੱਟੇ ਨੇ
ਜਿਨ੍ਹਾਂ ਕਦੇ ਕਰਨੀ ਸੀ ਛਾਂ ਕਿਸੇ ਘਰ ਅੰਦਰ
ਉਹ ਬੂਟੇ ਇਨ੍ਹਾਂ ਅਜਾਈਂ ਹੀ ਪੁੱਟੇ ਨੇ
ਕਦੇ ਕਿਸੇ ਟਾਹਲ 'ਤੇ ਟਹਿਕਦੇ ਹੁੰਦੇ ਫੁੱਲ
ਜੋ ਦਹਿਸ਼ਤ ਦੀ ਅੱਗ ਵਿਚ ਫੂਕੇ ਨੇ
ਕੀ ਉਮੀਦ ਹੈ ਇਨ੍ਹਾਂ ਅੰਨੇ ਨਿਸ਼ਾਨਚੀਆਂ ਤੋਂ
ਜਿਨ੍ਹਾਂ ਹਥਿਆਰ ਵੀ ਆਪਣਿਆਂ ਲਈ ਚੁੱਕੇ ਨੇ

✲

## ਅੰਧ ਵਿਸ਼ਵਾਸ

ਚੰਨ ਨੂੰ ਕਹੋ ਚਾਨਣੀ ਨੂੰ ਸਾਂਭੇ
ਚਾਨਣੀ ਨਾਲ ਸਾਡਾ ਵਰ੍ਹਿਆਂ ਤੋਂ ਵੈਰ ਹੈ

ਸਾਨੂੰ ਨਾ ਕੋਸ਼ਿਸ਼ ਕਰ ਚੰਨ 'ਤੇ ਲਿਜਾਣ ਦੀ
ਸਾਡੀ ਤਾਂ ਇੱਥੇ ਹੀ ਬੜੀ ਖ਼ੈਰ ਹੈ

ਕੋਈ ਲਿਆ ਦਿਉ ਕਿਤੋਂ ਸੰਜੀਵਨੀ ਬੂਟੀ
ਦਵਾ ਦਾਰੂ ਤਾਂ ਸਾਡੇ ਲਈ ਜ਼ਹਿਰ ਹੈ

ਕੀ ਕਰਨਾ ਅਸੀਂ ਮਿਨਰਲ ਵਾਟਰ
ਗੰਗਾ ਜਿਹੀ ਪਵਿੱਤਰ ਸਾਡੇ ਕੋਲ ਨਹਿਰ ਹੈ

ਕੋਈ ਲੋੜ ਨਹੀਂ ਹੁਣ ਦਵਾ ਦੀ
ਪਹਿਰ ਦਾ ਤੜਕਾ, ਦੇਵਤਿਆਂ ਦਾ ਪਹਿਰ ਹੈ

ਦਵਾ ਦਾਰੂ, ਟੀਕੇ ਟਾਮਣ, ਬੋਤਲਾਂ ਖ਼ੂਨ ਦੀਆਂ
ਕੁਝ ਨਹੀਂ ਕਰਦੀਆਂ ਵਿਰਕਾ! ਸਭ ਰੱਬ ਦੀ ਮਰਜ਼ੀ ਤੋਂ ਬਗ਼ੈਰ ਹੈ

*

## ਮੈਂ ਪਾਪੀ

ਮੈਂ ਪਾਪੀ ਤੂੰ ਮਸੀਹਾ
ਮੈਂ ਕਿੰਨਾ ਨਿਗੂਣਾਂ ਹਾਂ
ਤੇਰਾ ਕਦੇ ਸ਼ੁਕਰ ਨਹੀਂ ਕਰਦਾ
ਪਰ ਤੂੰ ਹੈਂ
ਰਹਿੰਦਾ ਹਰਦਮ ਫਿਕਰ ਮੇਰਾ ਕਰਦਾ
ਤੂੰ ਦੇਵੇਂ ਤਾਂ ਮੈਂ ਹੱਕ ਜਤਾਵਾਂ
ਨਾ ਦੇਵੇਂ ਤਾਂ ਬੁਰਾ ਮਨਾਵਾਂ
ਤੂੰ ਤਾਂ ਮੇਰਾ ਕਰਦਾ ਭਲਾ
ਤੇ ਮੈਂ ਸਮਝਾਂ
ਤੂੰ ਇਹ ਕੀ ਕਰਦਾ ਪਿਆਂ
ਤੂੰ ਤਾਂ ਰੱਖਦਾ ਸਲਾਮਤ ਮੈਨੂੰ
ਮੈਂ ਸਦਾ ਰਹਾ ਕੋਸਦਾ ਤੈਨੂੰ
ਮੈਂ ਨਿਗੂਣਾਂ ਨਾ ਜਾਣਾਂ
ਮੈਂ ਕੀ ਖੋਹਵਾਂ ਕੀ ਪਾਵਾਂ
ਨਾ ਕਦੇ ਮੈਂ ਤੇਰਾ ਸ਼ੁਕਰ ਮਨਾਵਾਂ
ਦੁਨੀਆਂਦਾਰੀ 'ਚ ਹੀ ਮੈਂ ਖੁੱਭਿਆ ਰਹਾਂ
ਫਿਰ ਤੂੰ ਹੀ ਦੱਸ
ਇਸ ਰੰਗੀਨ ਦੁਨੀਆਂ ਨੂੰ ਛੱਡ
ਕਿੱਦਾਂ ਤੇਰਾ ਬਣ ਕੇ ਰਹਾਂ
ਮੈਨੂੰ ਪਤੈ
ਤੂੰ ਮੇਰਾ ਕਰਦਾ ਫ਼ਿਕਰ
ਭਾਵੇਂ ਮੈਂ ਨਾਲ ਤੇਰੇ ਰੁੱਸਿਆ ਰਹਾਂ
ਤਾਂ ਹੀ ਤਾਂ ਮੈਂ ਸੋਚਦਾ
ਮੈਂ ਤੇਰਾ ਫ਼ਿਕਰ ਕਿਉਂ ਕਰਾਂ
ਮੈਂ ਨਿਗੂਣਾਂ
ਤੇਰਾ ਕਦੇ ਸ਼ੁਕਰ ਨਹੀਂ ਕਰਦਾ

## ਉਡੀਕ

ਹਰ ਰੋਜ਼ ਹੀ ਢਲ ਕੇ ਚੜ੍ਹੇਗਾ ਸੂਰਜ, ਪਰ ਮੈਂ ਨਹੀਂ ਚੜ੍ਹਨਾ
ਅਸੀਂ ਤਾਂ ਸੂਰਜ ਵਾਂਗ ਚੱਲਣਾਂ ਹੀ ਨਹੀਂ
ਬਹੁਤ ਮਿਲ ਜਾਣਗੇ ਭੀੜ ਵਿਚ ਹੀਰੇ ਮੋਤੀ, ਮੈਂ ਨਹੀਂ ਮਿਲਣਾ
ਅਸੀਂ ਤਾਂ ਇਸ ਭੀੜ 'ਚ ਰਲ਼ਣਾ ਹੀ ਨਹੀਂ
ਬਹੁਤ ਇੰਤਜ਼ਾਰ ਕਰ ਲਿਆ ਉਸਦਾ, ਹੋਰ ਹੁਣ ਨਹੀਂ ਕਰਨਾ
ਕੀ ਇੰਤਜ਼ਾਰ ਉਹਦਾ, ਜਿਹਨੇ ਮਿਲਣਾ ਹੀ ਨਹੀਂ
ਉਸਨੂੰ ਕਹੋ ਕਿ ਨਾ ਭੇਜੇ ਕੋਈ ਪੈਗ਼ਾਮ, ਮੈਂ ਨਹੀਂ ਪੜ੍ਹਨਾ
ਹੁਣ ਲਾਰਿਆਂ ਦੀ ਕਤਾਰ 'ਚ ਅਸੀਂ ਖੜ੍ਹਨਾ ਹੀ ਨਹੀਂ
ਸਾਰੇ ਕਹਿੰਦੇ ਨੇ ਇਕ ਦਿਨ ਬਦਲਦੀ ਹੈ ਕਿਸਮਤ, ਮੈਂ ਨਹੀਂ ਮੰਨਦਾ
ਕਿਉਂਕਿ ਮੇਰੀ ਕਿਸਮਤ ਦਾ ਚੰਨ ਨਾ ਕਦੇ ਚੜ੍ਹਿਆ ਤੇ ਅੱਗੇ ਵੀ ਚੜ੍ਹਨਾ ਹੀ ਨਹੀਂ

## ਸੁਪਨੇ

ਕੀ ਗੱਲ ਕਰਾਂ ਉਨ੍ਹਾਂ ਸੁਪਨਿਆਂ ਦੀ, ਜੋ ਕਦੇ ਨਾ ਮੇਰੇ ਹੋਏ ਨੇ
ਕੁਝ ਸੁਪਨੇ ਮੇਰੇ ਗ਼ਮ ਬਣ ਗਏ, ਕੁਝ ਦਿਲ ਦੇ ਵਿਚ ਲਕੋਏ ਨੇ
ਕੁਝ ਸੁਪਨੇ ਮੇਰੇ ਮੋਏ ਨੇ ਕੁਝ ਪਲਕਾਂ ਵਿਚ ਸਮੋਏ ਨੇ
ਕੁਝ ਸੁਪਨੇ ਮੇਰੇ ਅੱਧਵਾਟੇ ਹੀ ਤੜਪ ਤੜਪ ਰੋਏ ਨੇ
ਕੁਝ ਸੁਪਨੇ ਮੇਰੇ ਹੀਰੇ ਮੋਤੀ, ਜੋ ਲੜੀਆਂ 'ਚ ਪਰੋਏ ਨੇ
ਕੁਝ ਸੁਪਨੇ ਮੇਰੇ ਲਾਸ਼ਾਂ ਵਰਗੇ, ਜੋ ਮੈਂ ਮੋਢਿਆਂ ਉੱਤੇ ਢੋਏ ਨੇ
ਕੁਝ ਸੁਪਨੇ ਮੇਰੇ ਹਾਲੇ ਹਸਦੇ ਵਸਦੇ, ਕਈਆਂ ਨੇ ਹੰਝੂ ਚੋਏ ਨੇ
ਕੁਝ ਸੁਪਨੇ ਨੇ ਮੇਰੇ ਚੰਨ ਤਾਰੇ, ਜੋ ਅਜੇ ਤੀਕ ਅਣਛੋਹੇ ਨੇ
ਕੁਝ ਸੁਪਨੇ ਮੇਰੇ ਅੱਧ ਅਧੂਰੇ, ਜੋ ਕਦੀ ਨਾ ਪੂਰੇ ਹੋਏ ਨੇ
ਕੁਝ ਸੁਪਨੇ ਮੇਰੇ ਖੁੱਸ ਗਏ ਮੈਥੋਂ, ਜੋ ਹੋਰਾਂ ਖੋਏ ਨੇ
ਕੀ ਗੱਲ ਕਰਾਂ ਉਹਨਾਂ ਸੁਪਨਿਆਂ......

✵

## ਪਾਖੰਡੀ ਸਾਧ

ਮੜ੍ਹੀਆਂ ਪੂਜਣ ਵਾਲਿਆਂ
ਦੇਖੇ ਸੁਪਨੇ ਕਿਸ ਸੰਸਾਰ ਦੇ।
ਕਿਉਂ ਨਹੀਂ ਝਾਕਦਾ ਅੰਦਰ ਆਪਣੇ
ਤੂੰ ਨਹੀਂ ਏ ਨੰਗ
ਇਹ ਝੂਠੇ ਸਾਧ ਹੀ
ਭੁੱਖਾ ਤੈਨੂੰ ਮਾਰਦੇ।
ਤੂੰ ਤਾਂ ਰੱਖਦਾਂ ਅੰਨ੍ਹੀ ਸ਼ਰਧਾ ਜਿੱਥੇ
ਉਹ ਹੀ ਘਰ ਤੇਰੇ
ਭੁੱਖ ਨੰਗ ਵਾੜਦੇ।
ਤੂੰ ਤਾਂ ਮਿਹਨਤੀ
ਮਿਹਨਤ ਕਰੇਂ ਦਿਨ ਰਾਤ
ਤੇਰੀ ਕੀਤੀ ਕਮਾਈ ਨੂੰ
ਉਹ ਕਿੱਦਾਂ ਨੇ ਡਕਾਰਦੇ।
ਕੁਝ ਫੋਲ ਤੂੰ ਆਪਣਾ ਆਪ
ਵੇਖ ਰੋਸ਼ਨੀ ਵੱਲ
ਜੇ ਤੂੰ ਜਿਉਣਾ ਚਾਹੁੰਦਾ
ਪਾ ਮੁਕਤੀ ਅੰਧਵਿਸ਼ਵਾਸ ਤੋਂ
ਵਹਿਮਾਂ ਭਰਮਾਂ ਨੂੰ ਵਿਸਾਰ ਦੇ।

✵

## ਬੇਗਾਨੀ ਮਾਂ ਦਾ ਨਿੱਘ

ਮੂੰਹ ਛੁਪਾ ਆਪਣਾ ਉਸ ਬੇਗਾਨੀ ਧਰਤ ਤੋਂ ਮੁੜ ਆਇਆ ਹਾਂ ਮੈਂ
ਸਿੰਬਲ ਰੁੱਖ ਦੇ ਬਕਬਕੇ ਫੁੱਲਾਂ ਨੂੰ ਚੁੰਮ ਆਇਆ ਹਾਂ ਮੈਂ
ਆਪਣਾ ਵਜੂਦ ਲੱਭਾਗਾਂ ਇੱਥੋਂ, ਉਸ ਰੰਗਲੀ ਦੁਨੀਆਂ 'ਚ ਗੁੰਮ ਆਇਆ ਹਾਂ ਮੈਂ
ਕਹਿੰਦੇ ਨੇ ਸਵਰਗ ਜਿਸਨੂੰ, ਉਹ ਨਰਕ ਵੀ ਘੁੰਮ ਆਇਆ ਹਾਂ ਮੈਂ
ਬੇਗਾਨੀ ਮਾਂ ਕਦੋਂ ਨਿੱਘ ਦਿੰਦੀ ਹੈ ਵਿਦੇਸ਼ਾਂ ਨੂੰ ਜਾਣ ਵਾਲਿਓ!
ਬੇਗਾਨੀ ਮਾਂ ਦਾ ਵਿਹੜਾ ਘੁੰਮ ਆਇਆ ਹਾਂ ਮੈਂ

✲

## ਪਰਦੇਸ

ਨਾ ਸੌਖਾ ਜਾਣਾ ਸੱਤ ਸਮੁੰਦਰ ਪਾਰ
ਜਿੱਥੇ ਜਾ ਕੇ ਨਾ ਹੋਈਏ ਆਰ ਤੇ ਨਾ ਪਾਰ
ਨਾ ਹੀ ਭੁੱਲੀਏ ਦੇਸ਼ ਆਪਣਾ
ਨਾ ਹੀ ਆਵੇ ਬਿਗਾਨੇ ਦਾ ਪਿਆਰ
ਫਿੱਕੇ ਜਿਹੇ ਲਗਦੇ ਦੋਸਤੀਆਂ ਤੇ ਰਿਸ਼ਤੇ ਇੱਥੇ
ਨਾ ਹੀ ਜਜ਼ਬਾਤ ਤੇ ਫਿੱਕੇ ਜਿਹੇ ਸਤਿਕਾਰ
ਦੁਖੀ ਜਦ ਕਦੇ ਦਿਲ ਰੋ ਪੈਂਦਾ
ਕੰਮਾਂ 'ਤੇ ਹੁੰਦੇ ਉਦੋਂ ਮੇਰੇ ਯਾਰ
ਕੱਲਾ ਰੋਵਾਂ ਗਲ਼ ਲੱਗ ਕੰਧਾਂ ਦੇ
ਰੋਵਾਂ ਵਿਛੜਿਆਂ ਨੂੰ ਸੌ ਸੌ ਵਾਰ
ਅੱਜ ਏਨੇ ਸਾਲਾਂ ਤੋਂ ਬਾਅਦ
ਮੰਝਧਾਰ ਹੋ ਗਿਆ ਹਾਂ ਮੈਂ
ਕੋਈ ਆਵੇ ਜੋ ਵਿਰਕ ਨੂੰ ਲਾਵੇ ਪਾਰ
ਕਦੋਂ ਨਿਕਲਾਂਗਾ ਏਸ ਨਰਕ 'ਚੋਂ
ਸਵਰਗ ਜਿਹੇ ਦੇਸ਼ ਦਾ ਆਉਂਦਾ ਬਹੁਤ ਹੀ ਪਿਆਰ

✵

## ਵਿਦਾਈ

ਮੌਤ ਨੇ ਇਕ ਦਿਨ ਆ ਜਾਣਾ, ਸ਼ਮਾਂ ਨੇ ਆਖ਼ਰ ਬੁਝ ਜਾਣਾ
ਦੋ ਦਿਨ ਅਫਸੋਸ ਕਰਨਗੇ ਸਾਰੇ, ਫਿਰ ਸਭ ਨੇ ਕੰਮੀਂ ਰੁੱਝ ਜਾਣਾ
ਜਿਉਂਦੇ ਦੀ ਨਹੀਂ ਕੋਈ ਕਦਰ ਤੇਰੀ, ਮੁੜ ਸਭ ਨੂੰ ਤੇਰਾ ਨਾਂ ਸੁੱਝ ਜਾਣਾ
ਤੇਰੇ ਵਾਪਸ ਆਉਣ ਦੀ ਨਹੀਂ ਕਿਸੇ ਦੁਆ ਕਰਨੀ
ਤੈਨੂੰ ਵਿਦਾ ਕਰਨ 'ਚ ਸਭ ਨੇ ਖੁੱਭ ਜਾਣਾ

## ਤੇਰੀ ਨੇੜਤਾ

ਉੱਪਰ ਤਾਂ ਤੂੰ ਕਿੰਨਾਂ ਨੇੜੇ
ਤੇ ਦਿਲੋਂ ਕੋਹਾਂ ਦੂਰ
ਝੂਠੇ ਜਿਹੇ ਲਾਰੇ ਤੇਰੇ
ਮੰਨਣ ਲਈ ਮੈਂ ਮਜਬੂਰ
ਉਮਰ ਵੀ ਲੰਘ ਗਈ ਮੇਰੀ
ਝੜ ਗਿਆ ਜਵਾਨੀ ਦਾ ਬੂਰ
ਤੂੰ ਨਾ ਆਇਆ ਮੁੜ
ਹੋ ਗਈ ਮੈਂ ਚੂਰ ਚੂਰ
ਸੱਚ ਪੁੱਛੇਂ ਤੂੰ ਨਹੀਂ ਕਸੂਰਵਾਰ
ਉਡੀਕ ਕੀਤੀ ਤੇਰੀ ਇੰਨੀ ਲੰਮੀ
ਇਹ ਸ਼ਾਇਦ ਮੇਰਾ ਹੀ ਕਸੂਰ

*

## ਤੇਰੇ ਲਾਰੇ

ਸੋਹਣਿਆਂ ਕਿਤੇ ਤਾਂ ਆ
ਕੋਈ ਤਾਂ ਰਿਸ਼ਤਾ ਨਿਭਾ
ਆਸ ਤਾਂ ਤੇਰੀ ਅੱਜ ਵੀ ਮੈਨੂੰ
ਏਸ ਰੀਝ ਮੇਰੀ ਨੂੰ ਤੂੰ ਲਾਬੂ ਨਾ ਲਾ
ਹੋੜ ਕੋਈ ਕਿਸ਼ਤੀ ਸੱਜਣਾਂ
ਬਣ ਬੈਠੀ ਮੈਂ ਦਰਿਆ
ਤੇਰੇ ਸਾਂਭੇ ਸਾਰੇ ਲਾਰੇ
ਕੋਈ ਤਾਂ ਤੂੰ ਪੁਗਾ
ਨਾ ਹੀ ਤੂੰ ਆਉਣਾ ਸ਼ਾਇਦ
ਉਡੀਕ ਤੇਰੀ 'ਚ ਲੈਣਾਂ
ਮੈਂ ਆਪਣਾ ਆਪ ਮੁਕਾ

## ਥੋੜ੍ਹੀ ਅਕਲ

ਕੁਝ ਕਹਿੰਦੇ ਨੇ ਮੈਨੂੰ ਸਤਿਕਾਰ ਕਰਨਾ ਵੀ ਨਹੀਂ ਆਉਂਦਾ
ਥੋੜ੍ਹੀ ਅਕਲ ਦਾ ਮਾਲਕ ਮੈਂ ਜ਼ਿਆਦਾ ਕਿੱਦਾਂ ਵਰਤ ਲਵਾਂ
ਕਿਸਤੋਂ ਮੰਗਾਂ ਮੁਆਫੀ ਤੇ ਕਿਸ ਦਾ ਮੈਂ ਸਤਿਕਾਰ ਕਰਾਂ
ਨਹੀਂ ਸਮਝ ਆਉਂਦੇ ਮੈਨੂੰ ਰਿਸ਼ਤੇ ਨਾਤੇ ਫਿਰ ਕਿੱਦਾਂ ਇਨ੍ਹਾ 'ਚ ਫਰਕ ਕਰਾਂ
ਨਾ ਹੀ ਆਉਂਦੀ ਜੀ ਹਜ਼ੂਰੀ ਮੈਨੂੰ, ਨਾ ਹੀ ਚਾਪਲੂਸੀ ਕਰਾਂ
ਸ਼ਾਇਦ ਮੇਰੇ ਦੋਸਤਾਂ 'ਚ ਵੀ ਨਹੀਂ ਵਜੂਦ ਮੇਰਾ, ਤਾਂ ਹੀ ਬੁਰਾ ਕਹਾਵਾਂ
ਦੋਸਤ ਮਿੱਤਰ ਤਾਂ ਹੁੰਦੇ ਨੇ ਰੂਪ ਰੱਬ ਦਾ; ਮੈਨੂੰ ਪੂਜਣੇ ਨਹੀਂ ਆਉਂਦੇ
ਤਾਂ ਹੀ ਵਿਰਕਾ! ਤੈਨੂੰ ਬੁਰਾ ਕਹਿੰਦੇ ਉਹ ਗਲ਼ ਨਹੀਂ ਲਾਉਂਦੇ
ਮਾਫ਼ੀ ਮੰਗਦਾ ਉਹਨਾਂ ਤੋਂ ਹੋਈਆਂ ਭੁੱਲਾਂ ਦੀ
ਮਾਫ਼ੀ ਮੰਗਣੀ ਵੀ ਨਹੀਂ ਆਉਂਦੀ; ਦੱਸ! ਇਸ ਥੋੜ੍ਹੀ ਅਕਲ ਦਾ ਮੈਂ ਕੀ ਕਰਾਂ

## ਮਾਫ਼ੀ

ਮੈਂ ਮੰਗੀ ਮਾਫ਼ੀ ਤੈਥੋਂ ਹਜ਼ਾਰਾਂ ਵਾਰ
ਪਰ ਮਾਫ਼ੀ ਮੰਗਿਆਂ ਵੀ ਕੀ ਹੋਣਾ ਏ
ਬੀਤੇ ਪਲ ਤਾਂ ਮੋੜ ਲਿਆ ਸਕਦਾ ਨਹੀਂ

ਬੜਾ ਬੋਝ ਹੈ ਦਿਲ ਮੇਰੇ 'ਤੇ
ਕਿੰਨੇ ਵਾਰ ਦਿਲ ਤੇਰਾ ਦੁਖਾਇਆ
ਇਹ ਬੋਝ ਤਾਂ ਦਿਲ ਆਪਣੇ ਤੋਂ ਵੀ ਲਾਹ ਸਕਦਾ ਨਹੀਂ

ਸੁਪਨੇ ਤਾਂ ਹਰ ਕੋਈ ਵੇਖਦਾ ਏ
ਤੂੰ ਵੀ ਵੇਖੇ ਹੋਣੇ ਨੇ ਹੋਰਾਂ ਵਾਂਗਰ
ਨਾ ਹੀ ਤੇਰੀ ਨਾ ਹੀ ਆਪਣੀ, ਰੀਝ ਸਿਰੇ ਕੋਈ ਲਾ ਸਕਦਾ ਨਹੀਂ

ਹਾਲਾਤ ਵੀ ਕਰਦੇ ਨੇ ਮਜਬੂਰ ਕਈ ਵਾਰ
ਮੈਂ ਵੀ ਹੋਇਆ ਹੋਰਾਂ ਵਾਂਗਰ
ਪਰ ਇੰਨਾਂ ਵੀ ਨਹੀਂ ਸੀ ਕਿ ਇਕ ਅੱਧ ਸੁਪਨਾ ਵੀ ਨਹੀਂ ਪੁਗਾ ਸਕਦਾ ਸੀ

ਮੇਰੀ ਤੰਗਦਿਲੀ ਸੀ ਤੇ ਤੇਰੀ ਹੈ ਦਰਿਆ ਦਿਲੀ
ਕਿ ਕਾਇਮ ਹੈ ਰਿਸ਼ਤਾ ਅੱਜ ਵੀ
ਨਹੀਂ ਤਾਂ ਝੱਖੜਾਂ 'ਚੋਂ ਲੰਘ ਕੇ ਕੋਈ ਰਿਸ਼ਤਾ ਵੀ ਨਿਭਾ ਸਕਦਾ ਨਹੀਂ

✵

## ਗਰੀਬ ਦਾ ਸੂਰਜ

ਕਿੰਨਾ ਜ਼ਾਲਮ ਏਂ ਰੱਬਾ ਤੂੰ ਵੀ
ਆਪਣਿਆਂ ਦੀ ਵੀ ਪਰਵਾਹ ਨਹੀਂ ਕਰਦਾ

ਕਦੇ ਦੇ ਦਿਆ ਕਰ ਹੁੰਗਾਰਾ ਉਹਨਾਂ ਨੂੰ ਵੀ
ਜਿਨ੍ਹਾਂ ਦਾ ਬਿਨ ਤੇਰੇ ਵੀ ਨਹੀਂ ਸਰਦਾ

ਉਹ ਤਕਦੇ ਨੇ ਆਸਰਾ ਤੇਰਾ ਸਦਾ
ਤੇ ਤੂੰ ਜ਼ੁਲਮ ਕਰਨੋਂ ਵੀ ਨਹੀਂ ਹਟਦਾ

ਕਦੇ ਕਦੇ ਮੈਂ ਸੋਚਦਾ, ਖਰੀਦਿਆ ਲਗਦਾ ਤੈਨੂੰ ਅਮੀਰਾਂ ਨੇ
ਤਾਂ ਹੀ ਤੂੰ ਗਰੀਬਾਂ ਦੀ ਪਿੱਠ 'ਤੇ ਨਹੀਂ ਖੜ੍ਹਦਾ

ਉਹਨਾਂ ਦੀ ਇੱਜ਼ਤ ਹੱਥ ਤੇਰੇ ਤੇ ਅਮੀਰਾਂ ਦੇ
ਅਮੀਰ ਤਾਂ ਕਰਦੇ ਨੇ, ਤੂੰ ਵੀ ਖਿਲਵਾੜ ਕਰਨੋਂ ਨਹੀਂ ਟਲ਼ਦਾ

ਤੇ ਉਹ ਤੱਕਦੇ ਆਸਰਾ ਤੇਰਾ ਲੁੱਟਣ ਤੋਂ ਬਾਅਦ
ਪਰ ਤੂੰ ਫਿਰ ਅਮੀਰਾਂ ਦੇ ਹੱਕ ਵਿਚ ਜਾ ਖੜ੍ਹਦਾ

ਇਸੇ ਲਈ ਤਾਂ ਗਰੀਬ ਦਾ ਸੂਰਜ ਰੱਬਾ!
ਉਹਦੇ ਮਰਨ ਤੱਕ ਨਹੀਂ ਚੜ੍ਹਦਾ

## ਮੇਰੀ ਤੰਗਦਿਲੀ

ਆਸ ਤਾਂ ਕੋਈ ਨਹੀਂ ਸੀ, ਪਰ ਚਾਹ ਕੇ ਵੀ ਮੈਂ ਆਪਣੇ ਆਪ ਨੂੰ ਬੇਆਸ ਨਾ
ਕਰ ਸਕਿਆ
ਪਾਪੀ ਹਾਂ, ਬੜੇ ਕੀਤੇ ਨੇ ਪਾਪ; ਦਿਲ ਆਪਣੇ ਨੂੰ ਮੈਂ ਮਾਫ਼ ਨਾ ਕਰ ਸਕਿਆ
ਗੁਨਾਹ ਕੀਤਾ ਸੀ ਵੱਡਾ, ਉਸ ਨੇ ਤਾਂ ਕਰ ਦਿੱਤਾ ਮਾਫ਼,
ਪਰ ਮੈਂ ਆਪਣੇ ਆਪ ਨੂੰ ਮਾਫ਼ ਨਾ ਕਰ ਸਕਿਆ
ਵੱਡਾ ਸੀ ਉਹਦਾ ਦਿਲ, ਮੈਂ ਤੰਗਦਿਲ ਸਾਂ,
ਇਸੇ ਲਈ ਉਸ ਨੂੰ ਕਿਆਸ ਨਾ ਕਰ ਸਕਿਆ

## ਨਾਰੀ

ਮੈਂ ਅਬਲਾ ਨਾਰੀ ਹੀ ਕਿਉਂ ਹੋਵਾਂ ਬਦਨਾਮ ਥਾਂ ਥਾਂ
ਕਿੱਦਾਂ ਸਮਝਾਵਾਂ ਇਨ੍ਹਾਂ ਮਰਦਾਂ ਨੂੰ ਕਿ ਸੀਤਾ ਵੀ ਮੇਰਾ ਹੀ ਨਾਂ
ਮੈਂ ਤਾਂ ਹਾਂ ਕੂੰਜ ਪਹਾੜਾਂ ਦੀ, ਫਿਰ ਕਿਉਂ ਇਹ ਬਣਦੇ ਨੇ ਕਾਂ
ਘੇਰਦੇ ਨੇ ਮੈਨੂੰ 'ਕੱਲੀ ਨੂੰ, ਕਿਉਂ ਇਹ ਰੋਕਦੇ ਨੇ ਮੇਰਾ ਰਾਹ
ਜੇ ਮੈਂ ਹਾਂ ਲੂਣਾ, ਤੇ ਇੱਛਰਾਂ ਵੀ ਤਾਂ ਮੇਰਾ ਹੀ ਏ ਨਾਂ
ਜਿਨ੍ਹਾਂ ਨੂੰ ਮੈਂ ਜਨਮ ਦੇਵਾਂ, ਕਿਉਂ ਉਹੀ ਕਰਦੇ ਬਦਨਾਮ ਮੈਨੂੰ ਥਾਂ ਥਾਂ

## ਕਵਿਤਾ

ਕਾਸ਼!
ਮੈਨੂੰ ਵੀ ਕਵਿਤਾ ਆਉਂਦੀ
ਇਸ ਦਿਲ ਅੰਦਰ
ਵੀ ਇਹ ਫੇਰਾ ਪਾਉਂਦੀ
ਮੈਂ ਨਾ ਵੀ ਲਿਖਣਾਂ ਚਾਹੁੰਦਾ
ਮੈਨੂੰ ਲਿਖਣ ਲਈ ਉਕਸਾਉਂਦੀ
ਕੁਝ ਵੀ ਇਸ ਤਰ੍ਹਾਂ ਲਿਖਦਾ ਮੈਂ
ਜੋ ਸਭ ਨੂੰ ਭਾਉਂਦੀ
ਕਿੰਨੀ ਵੀ ਮੈਂ ਕਰਾਂ ਕੋਸ਼ਿਸ਼
ਪਰ ਮੈਨੂੰ ਕਵਿਤਾ ਨਹੀਂ ਆਉਂਦੀ
ਚਾਹਵਾਂ ਮਾਫ਼ੀ ਆਪਣੀ ਬੇਤੁਕੀ ਲਈ
ਕਿਉਂਕਿ ਕਵਿਤਾ ਤਾਂ ਮੈਨੂੰ ਨਹੀਂ ਆਉਂਦੀ

## ਮੌਤ

ਮੈਨੂੰ ਹੱਥ ਨਾ ਪਾ, ਹੱਥ ਜਲਾ ਲਵੇਂਗਾ
ਮੈਂ ਤਾਂ ਅੱਗ ਹਾਂ, ਮੈਥੋਂ ਦੱਸ ਕੀ ਪਾ ਲਵੇਂਗਾ
ਜੋ ਕੁਝ ਹੈ ਰੱਖਿਆ ਸਾਂਭ, ਉਹ ਵੀ ਗੁਆ ਲਵੇਂਗਾ
ਜਿੱਥੋਂ ਉੱਡਦੀ ਹੈ ਸਿਰਫ ਰਾਖ, ਉੱਥੇ ਜਾ ਪਵੇਂਗਾ
ਕਿਸੇ ਨਈਂ ਸੁਣਨੀ ਪੁਕਾਰ ਤੇਰੀ, ਘਰ ਜਦੋਂ ਮੇਰੇ ਆ ਜਾਵੇਂਗਾ
ਮੁੜਦਾ ਨਹੀਂ ਕੋਈ ਰਸਤਿਓਂ ਮੇਰਿਓਂ,
ਤੂੰ ਦੱਸ ਕਿੱਦਾਂ ਫਿਰ ਵਾਪਸ ਜਾ ਸਕੇਂਗਾ

## ਮੇਰਾ ਦਰਦ

ਕਰਜ਼ੇ ਦੀ ਭਾਰੀ ਪੰਡ ਨਾ ਹੀ ਇਹ ਲੈ ਹੁੰਦਾ
ਦਰਦ ਹੈ ਇੰਨਾਂ, ਨਾ ਹੀ ਮੈਥੋਂ ਸਹਿ ਹੁੰਦਾ
ਦੱਸਣਾ ਚਾਹੁੰਦਾ ਹਾਂ ਪਰ ਨਾ ਹੀ ਮੂੰਹੋਂ ਕਹਿ ਹੁੰਦਾ
ਨਾ ਹੀ ਨਿਕਲ ਹੁੰਦਾ ਇੱਥੋਂ, ਨਾ ਹੀ ਇੱਥੇ ਰਹਿ ਹੁੰਦਾ
ਨਾ ਹੀ ਇੱਦਾਂ ਜੀ ਹੁੰਦਾ, ਨਾ ਹੀ ਕਬਰ 'ਚ ਪੈ ਹੁੰਦਾ

## ਚੁੱਪ

ਮਿਲਣ ਤੋਂ ਡਰਦਾ ਹਾਂ ਤੈਨੂੰ
ਸ਼ਾਇਦ ਤੂੰ ਮੈਨੂੰ ਪਛਾਣਨਾ ਹੀ ਨਹੀਂ

ਖੁਸ਼ੀ ਮਿਲੇ ਮੈਨੂੰ ਜਿਸ ਤੋਂ ਅਥਾਹ
ਇਹੋ ਜਿਹਾ ਬੋਲ ਤੂੰ ਬਿਆਨਣਾ ਹੀ ਨਹੀਂ

ਇਕ ਫਰਕ ਹੈ ਤੇਰੇ ਤੇ ਮੇਰੇ 'ਚ
ਮੈਂ ਰੋਣਾ ਦਿਲ ਆਪਣੇ ਦਾ ਹਾਲ
ਤੇ ਤੂੰ ਦਿਲ ਆਪਣੇ ਦਾ ਹਾਲ
ਹਮੇਸ਼ਾ ਵਾਂਗ ਕਦੇ ਬਿਆਨਣਾ ਹੀ ਨਹੀਂ

## ਮੇਰਾ ਦਰਦ

ਕੋਈ ਮੋੜ ਲਿਆਵੋ ਉਸਨੂੰ, ਮੈਂ ਮਾਫ਼ੀ ਮੰਗ ਲਵਾਂਗਾ
ਕਰਦਾ ਹਾਂ ਵਾਅਦਾ ਮੈਂ ਨਾਲ ਥੋਡੇ, ਕੁਝ ਹੋਰ ਨਹੀਂ ਕਹਾਂਗਾ
ਜਿਸ ਤਰ੍ਹਾਂ ਵੰਡਣਾਂ ਚਾਹੁੰਦੀ ਹੈ ਉਹ, ਉਸੇ ਤਰ੍ਹਾਂ ਹੀ ਵੰਡ ਹੋ ਜਾਵਾਂਗਾ
ਜੋ ਹਥਿਆਰ ਨੇ ਉਸਦੇ ਚਲਾਵੇ, ਬੇਖ਼ੌਫ ਮੈਂ ਹਰ ਦਰਦ ਸਹਾਂਗਾ
ਉਹ ਨਹੀਂ ਜਾਣਦੀ ਮੈਂ ਕੀ ਗਵਾਇਆ ਹੈ ਜੋ ਕਦੇ ਵੀ ਨਾ ਪਾਵਾਂਗਾ
ਰੀਝਾਂ ਸਾਰੀਆਂ ਮਾਰ ਲਈਆਂ ਮੈਂ ਬਾਕੀਆਂ ਨੂੰ ਵੀ ਲਾਂਬੂ ਲਾਵਾਂਗਾ
ਜਿੱਥੋਂ ਮੋੜਿਆ ਹੈ ਉਸਨੇ, ਉਸ ਰਸਤੇ ਕਦੇ ਵੀ ਨਹੀਂ ਜਾਵਾਂਗਾ
ਜਿਹਦੇ ਲਈ ਟੁੱਟਿਆ ਹੈ ਵਿਰਕ, ਹੁਣ ਕਦੇ ਉਸਦੇ ਸੁਪਨੇ 'ਚ ਵੀ ਨਹੀਂ ਆਵਾਂਗਾ
ਕੱਲੀ ਲੋਥ ਹੈ ਪੱਲੇ ਵਿਰਕ ਦੇ, ਸ਼ਾਇਦ ਕਦੇ ਇਸ ਨੂੰ ਵੀ ਗੁਆ ਆਵਾਂਗਾ

## ਜਵਾਨੀ

ਸਾਡੇ 'ਤੇ ਵੀ ਆਈ ਸੀ ਜਵਾਨੀ ਲੋਹੜੇ ਦੀ
ਝੱਖੜਾਂ 'ਚ ਲੰਘ ਗਈ
ਜਦ ਕਦੇ ਜੇਰਾ ਕਰ ਪੁੱਛਣਾਂ ਸੀ ਉਹਤੋਂ
ਉਦੋਂ ਝੂਠੀ ਮੂਠੀ ਉਹ ਖੰਘ ਗਈ
ਜੇ ਕੀਤਾ ਸੀ ਕਿਨਾਰਾ ਅੱਕ ਕੇ, ਫਿਰ ਵੀ
ਮਰ ਜਾਣੀ ਸਾਨੂੰ ਆਪਣੇ ਰੰਗ 'ਚ ਰੰਗ ਗਈ
ਜਦ ਕੀਤਾ ਇਜ਼ਹਾਰ ਅਸੀਂ ਜਜ਼ਬਾਤਾਂ ਦਾ
ਬਿਨ ਬੋਲੇ ਮਰ ਜਾਣੀ ਸੰਗ ਗਈ
ਸੁੱਕੇ ਪਏ ਆਂ ਵਾਂਗ ਕਰੀਰਾਂ ਦੇ
ਸਾਨੂੰ ਉਹਦੀ ਬੇਰੁਖ਼ੀ ਦੀ ਹਵਾ ਝੰਬ ਗਈ
ਬੜਾ ਲੁਕਾਇਆ ਦਿਲ ਡੁੱਬ ਜਾਣੇ ਨੂੰ
ਪਤਾ ਨਹੀਂ ਕਿਹੜੇ ਵੇਲੇ ਸਾਥੋਂ ਉਹ ਮੰਗ ਗਈ
ਸੂਰਤ ਤਾਂ ਉਹਦੀ ਸੀ ਚੰਨ ਜਿਹੀ
ਪਾਣੀ ਨੀ ਮੰਗਿਆ ਵਿਰਕ ਨੇ, ਜਦ ਉਹ ਡੰਗ ਗਈ

✵

## ਬਲਾਤਕਾਰ

ਕੀ ਹੋ ਗਿਆ ਕਸੂਰ ਸਾਥੋਂ ਵੇ ਗਰੀਬਾਂ ਤੋਂ
ਕਾਹਤੋਂ ਕਰਦਾ ਇੰਨਾਂ ਤੂੰ ਜ਼ਲੀਲ
ਕਿਹੋ ਜਿਹੇ ਸੱਚ ਬੋਲਦਾ ਪਰ੍ਹੇ 'ਚ
ਕਰੀ ਜਾਨਾਂ ਤੂੰ ਮੈਨੂੰ ਬੇ-ਦਲੀਲ
ਅਸੀਂ ਤਾਂ ਮੰਗਿਆ ਹੈ ਪਿਆਰ ਦਾ ਹੀ ਹੱਕ
ਕਿਉਂ ਕਰੇਂ ਗੱਲਾਂ ਅਸ਼ਲੀਲ
ਅੱਜ ਪਤਾ ਲੱਗਿਆ ਅਮੀਰਾਂ ਦੇ ਦਿਲ ਨਹੀਂ ਹੁੰਦਾ
ਫਿਰ ਕਾਹਤੋਂ ਗਰੀਬਾਂ ਨੂੰ ਬਣਾਉਂਦੇ ਇੰਨਾਂ ਇਹ ਅਜ਼ੀਜ਼

## ਵਿਦੇਸ਼

ਯਾਰਾ ਜੀ ਸਦਕੇ ਜਾ ਵਿਦੇਸ਼ ਨੂੰ
ਤੈਨੂੰ ਰੋਕਦਾ ਨਹੀਂ ਮੈਂ

ਜੋ ਦਿਲ 'ਚ ਹੈ ਕਰ ਮਰਜ਼ੀ
ਤੈਨੂੰ ਟੋਕਦਾ ਨਹੀਂ ਮੈਂ

ਵਧੇ ਤੂੰ ਕਦਮ ਦਰ ਕਦਮ
ਆਪਣੇ ਲੇਖਾਂ ਨੂੰ ਵੀ ਕੋਸਦਾ ਨਹੀਂ ਮੈਂ

ਕਦੇ ਮੈਂ ਵੀ ਵਿੱਛੜਾਂ ਆਪਣਿਆਂ ਤੋਂ
ਇਸ ਤਰ੍ਹਾਂ ਸੋਚਦਾ ਨਹੀਂ ਮੈਂ

ਪਰ ਸੋਚਦਾ ਹਾਂ ਤੂੰ ਕੀ ਕਰੇਂਗਾ
ਵਿਛੜ ਕੇ ਆਪਣੀ ਰੂਹ ਤੋਂ

ਯਕੀਨਨ ਤੇਰੇ ਵਾਂਗ ਕੋਮਲ ਦਿਲ 'ਚ
ਖੰਜਰ ਕਦੇ ਖੋਭਦਾ ਨਹੀਂ ਮੈਂ

## ਦਿਲ ਦਾ ਦਰਦੀ

ਕਿੰਨੇ ਵਾਰ ਬਚੇਂਗਾ ਤੁਰ ਕੇ ਗਲਤ ਰਸਤੇ
ਬਹੁਤੀ ਵਾਰ ਬਚਿਆ ਨਹੀਂ ਜਾਂਦਾ
ਤੁਸੀਂ ਹੁੰਦੇ ਹੋ ਸ਼ਾਮਲ ਜ਼ਰੂਰ ਕਿਸੇ ਗੱਲ 'ਚ
ਐਵੇਂ ਤਾਂ ਗੱਲਾਂ 'ਚ ਫਸਿਆ ਨਹੀਂ ਜਾਂਦਾ
ਨਹੀਂ ਲੱਭਦਾ ਕੋਈ ਦਿਲ ਦਾ ਦਰਦੀ
ਤੇ ਹਰ ਇਕ ਨੂੰ ਦੁੱਖ ਵੀ ਦੱਸਿਆ ਨਹੀਂ ਜਾਂਦਾ

## ਵਾਅਦੇ

ਉਹਦੇ ਵਾਅਦੇ ਮੈਨੂੰ ਬੜੇ ਹੀ ਪਿਆਰੇ ਲਗਦੇ ਨੇ
ਕੁਝ ਵਾਅਦੇ ਉਹਦੇ ਦਿਖਾਵਣ ਸੁਪਨੇ ਨਿਆਰੇ ਨਿਆਰੇ ਲਗਦੇ ਨੇ
ਕੁਝ ਵਾਅਦੇ ਉਹਦੇ ਝੂਠੇ ਜਿਹੇ ਲਾਰੇ ਲਗਦੇ ਨੇ
ਕੁਝ ਵਾਅਦੇ ਉਹਦੇ ਲੱਗਦੇ ਸੱਚੇ ਦਿਲੋਂ ਸਤਿਕਾਰੇ ਲਗਦੇ ਨੇ
ਕੁਝ ਵਾਅਦੇ ਮੇਰੇ ਦਿਲ ਦੀਆਂ ਰੀਝਾਂ ਵਾਂਗ ਸਹਾਰੇ ਲਗਦੇ ਨੇ
ਕੁਝ ਵਾਅਦੇ ਉਹਦੇ ਉਖੜੇ ਉਖੜੇ ਹਾਰੇ ਹਾਰੇ ਲਗਦੇ ਨੇ
ਕੁਝ ਵਾਅਦੇ ਪੱਥਰਾਂ ਵਰਗੇ ਪਿਆਰ ਤੋਂ ਵਾਰੇ ਲਗਦੇ ਨੇ
ਕੁਝ ਵਾਅਦੇ ਉਹਦੇ ਕੱਚੇ ਕੱਚੇ ਮਿੱਟੀ ਦੇ ਢਾਰੇ ਲਗਦੇ ਨੇ
ਕੁਝ ਵਾਅਦੇ ਉਹ ਰੁੱਖੇ ਰੁੱਖੇ ਅੱਗ 'ਚ ਸਾੜੇ ਲਗਦੇ ਨੇ
ਕੁਝ ਵਾਅਦੇ ਉਹਦੇ ਦਿਲ ਦੀਆਂ ਪੀੜਾਂ ਮੇਰੇ ਲਈ ਸਹਾਰੇ ਲਗਦੇ ਨੇ
ਉਹਦੇ ਝੂਠੇ ਸੱਚੇ ਵਾਅਦੇ, ਵਾਅਦਿਆਂ ਤੇ ਚਲਦੀ ਹੈ ਦੁਨੀਆਂ
ਪਰ ਵਾਅਦੇ ਉਹਦੇ ਕਿਸੇ ਵੀ ਜੰਨਤ ਤੋਂ ਪਿਆਰੇ ਲਗਦੇ ਨੇ

## ਹੋਰ ਨਹੀਂ ਸਹਿ ਹੁੰਦਾ

ਕਿਨ੍ਹਾਂ ਰਾਹਾਂ 'ਤੇ ਤੁਰ ਕੇ ਆਇਆ, ਕੀ ਦਾਸਤਾਨ ਸੁਣਾਵਾਂ ਮੈਂ
ਨਿਕਲਣਾ ਚਾਹੁੰਦਾ ਹਾਂ ਇਸ ਘੁਟਣ 'ਚੋਂ, ਜੀ ਕਰਦਾ ਹਵਾ ਬਣ ਜਾਵਾਂ ਮੈਂ
ਡੁੱਲ੍ਹ ਗਏ ਹੀਰੇ ਮੇਰੇ ਹੱਥ ਵਿਚ, ਫਿਰ ਕਿੱਦਾਂ ਮੋੜ ਝੋਲੀ 'ਚ ਪਾਵਾਂ ਮੈਂ
ਲੜਦਾ ਨਹੀਂ ਡਰਦਾ ਖੁਦ ਨਾਲ, ਕਿਤੇ ਹਰ ਹੀ ਨਾ ਜਾਵਾਂ ਮੈਂ
ਖੁਦ ਹਾਂ ਗੁਨਾਹਗਾਰ, ਜਾਣਦਾ ਹਾਂ; ਕਿੱਦਾਂ ਇਲਜ਼ਾਮ ਲਾਵਾਂ ਮੈਂ
ਲੰਮੀ ਵਾਟ, ਤੇ ਕਿਨਾਰਾ ਵੀ ਨਹੀਂ ਕੋਈ, ਕੀ ਵਾਟ ਮੁਕਾਵਾਂ ਮੈਂ
ਝੜ ਜਾਣੇ ਮੇਰੇ ਅਰਮਾਨ, ਜੇ ਦਿਲ ਦਾ ਅਸਲੀ ਗੀਤ ਗਾਵਾਂ ਮੈਂ
ਕਟੋਰਾ ਪਾਣੀ ਦਾ ਡੋਲ੍ਹ ਦਿੱਤਾ ਕਿਸੇ, ਕਿਵੇਂ ਆਪਣੀ ਅੱਗ ਬੁਝਾਵਾਂ ਮੈਂ
ਹੁਣ ਹੋਰ ਨਹੀਂ ਸਹਿ ਹੁੰਦਾ, ਜੀ ਕਰਦਾ ਆਪਣੇ ਬਾਗੀਂ ਹੀ ਮੁੜ ਜਾਵਾਂ ਮੈਂ

## ਵਿਸ਼ਵਾਸ

ਮਰ ਜਾਣਾ ਸੀ ਕਦੋਂ ਦਾ ਵਿਰਕ ਨੇ ਜੇ ਤੂੰ ਮੇਰੀ ਹਕੀਮ ਨਾ ਬਣਦੀ
ਤੂੰ ਹੀ ਮੇਰੇ ਸੁਪਨਿਆਂ ਦੀ ਸ਼ਹਿਜ਼ਾਦੀ ਮੇਰੇ ਦਿਲ 'ਤੇ ਰਾਜ ਕਰਦੀ
ਤੇਰੇ ਤੋਂ ਸ਼ੁਰੂ ਹੁੰਦੀ ਮੇਰੀ ਜ਼ਿੰਦਗੀ, ਤੇਰੇ 'ਤੇ ਹੀ ਖਤਮ ਹੋ ਗਈ ਲਗਦੀ
ਅਸਮਾਨ ਦੇ ਤਾਰੇ ਵੀ ਤੋੜ ਲਿਆਵਾਂ ਜੇ ਤੇਰੀ ਹੋਵੇ ਮਰਜ਼ੀ
ਚੀਰ ਦੇਵਾਂਗਾ ਪਹਾੜ ਵੀ ਜੇ ਇਸੇ ਤਰ੍ਹਾਂ ਤੂੰ ਮੇਰੀ ਪਿੱਠ 'ਤੇ ਰਹੀ ਖੜ੍ਹਦੀ
ਸਾਰੀ ਜ਼ਿੰਦਗੀ ਮੈਂ ਬੁੱਧੂ ਬਣਾਇਆ ਤੈਨੂੰ
ਤੂੰ ਫਿਰ ਮੇਰੇ 'ਤੇ ਯਕੀਨ ਕਰਨੋਂ ਨਹੀਂ ਹਟਦੀ

✵

## ਤੂਫ਼ਾਨ ਜ਼ਰੂਰ ਵਗੇਗਾ

ਕੀ ਹੋਇਆ ਜੇ ਤੂੰ ਮੈਨੂੰ ਸਾੜਿਆ
ਸੇਕ ਤਾਂ ਕੁਝ ਤੈਨੂੰ ਵੀ ਲੱਗੇਗਾ।

ਉਸ ਚੋਰ ਨੂੰ ਤੂੰ ਦੇ ਦਿੱਤਾ ਪਤਾ ਮੇਰਾ
ਕਿਸੇ ਨਾ ਕਿਸੇ ਦਿਨ ਉਹ ਤੈਨੂੰ ਵੀ ਠੱਗੇਗਾ।

ਦੂਸਰਿਆਂ ਦੇ ਘਰ ਦੇ ਦੀਪ ਬੁਝਾਉਣ ਵਾਲਿਆ ਵੇ
ਘਰ ਤੇਰੇ ਵੀ ਤੂਫ਼ਾਨ ਜ਼ਰੂਰ ਵਗੇਗਾ।

ਜੇ ਤਾਜ ਤੂੰ ਮੇਰੇ ਸਿਰ ’ਤੇ ਨਹੀਂ ਰਹਿਣ ਦਿੱਤਾ
ਉਹ ਕਦੇ ਸਿਰ ਤੇਰੇ ਵੀ ਨਹੀਂ ਸਜੇਗਾ।

ਮੇਰੇ ਘਰ ਦੀਆਂ ਖੁਸ਼ੀਆਂ ਕਰਕੇ ਤਬਾਹ
ਕੀ ਸੋਚਦਾ ਢੋਲ ਕਦੇ ਘਰ ਤੇਰੇ ਵੀ ਨਹੀਂ ਵੱਜੇਗਾ।

ਠੀਕ ਤੂੰ ਉਜਾੜ ਦਿੱਤਾ ਮੈਨੂੰ, ਪਰ ਜਦ ਉਜੜੇਂਗਾ ਖ਼ੁਦ
ਇਹੀ ਵਿਰਕ ਫਿਰ ਤੈਨੂੰ ਆਪਣਿਆਂ ਜਿਹਾ ਲੱਗੇਗਾ।

✵

## ਲੋੜ

ਹੇ ਬਾਬਾ ਨਾਨਕਾ! ਤੇਰੀ ਅੱਜ ਸੱਚਮੁਚ ਲੋੜ ਏ
ਬਥੇਰੇ ਨੇ ਬੈਠੇ ਪੈਗੰਬਰ, ਤੇਰੀ ਫਿਰ ਵੀ ਥੋੜ੍ਹ ਏ
ਜਿਸ ਨੂੰ ਮੱਥਾ ਟੇਕਾਂ ਤਾਂ ਦੇਖਾਂ ਉਹ ਹੀ ਚੋਰ ਏ
ਲੋਕ ਤੁਰਦੇ ਨੇ ਗਲਤ ਰਸਤੇ, ਸਹੀ ਰਸਤੇ ਦੀ ਲੋੜ ਹੈ
ਕੁਹਰਾਮ ਹੈ ਚਾਰੇ ਪਾਸੇ, ਕਿਸ ਯੁਗ ਦਾ ਇਹ ਮੋੜ ਏ
ਜਿਸ ਨੂੰ ਵੀ ਸੋਚਾਂ ਹੈ ਤੇਰਾ ਬੰਦਾ, ਨਿਕਲਦਾ ਉਹ ਵੀ ਕੋਈ ਹੋਰ ਏ
ਆਜਾ ਬਾਬਾ ਨਾਨਕਾ! ਆਜਾ ਬਾਬਾ ਨਾਨਕਾ!
ਹੁਣ ਸਚਮੁੱਚ ਤੇਰੀ ਲੋੜ ਏ

## ਵਿਕਾਊ ਅਦਾਲਤ

ਮੈਂ ਕਿੰਨੇ ਵਾਰ ਕਿਹਾ ਮੈਂ ਨਹੀਂ ਕਸੂਰਵਾਰ
ਕਿਉਂ ਤੂੰ ਮੈਨੂੰ ਕੋਸਦੀ ਰਹੀ ਸ਼ਰ੍ਹੇਆਮ ਕੁੜੇ

ਮੈਂ ਤਾਂ ਕਦੇ ਨਹੀਂ ਕੀਤਾ ਕਤਲ ਤੇਰੇ ਅਰਮਾਨਾਂ ਦਾ
ਤੂੰ ਕਿਉਂ ਧਰੇਂ ਦੋਸ਼ ਮੇਰੇ ਨਾਮ ਕੁੜੇ

ਇਸ ਅਦਾਲਤ ਦੇ ਬੰਦੇ ਤਾਂ ਨੇ ਵਿਕਾਊ
ਕਿਉਂ ਤੂੰ ਇੱਥੇ ਕਰੇਂ ਮੈਨੂੰ ਪਰੇਸ਼ਾਨ ਕੁੜੇ

ਜਾਹ ਕਿਤੇ ਉਥੇ ਜਾ ਕੇ ਕਰ ਅਪੀਲ
ਦਿਲ ਦੇ ਰਾਜੇ ਹੋਵਣ ਜਿੱਥੇ ਇਨਸਾਨ ਕੁੜੇ

ਇਹ ਕਚਹਿਰੀ ਤਾਂ ਬੱਸ ਨਾਮ ਦੀ ਹੀ ਏ
ਪੈਸੇ ਨਾਲ ਕਰੀਂਦੇ ਨੇ ਇੱਥੇ ਫੁਰਮਾਨ ਕੁੜੇ

## ਤੇਰੇ ਬੋਲ

ਧੁੱਖ ਪੈਣਗੇ ਇਹ ਮਰੇ ਹੋਏ ਕੋਲੇ
ਹਉਕਾ ਨਾ ਭਰੀਂ ਅੰਗਿਆਰਿਆਂ ਦੇ ਕੋਲ

ਜੋ ਜਲਾ ਦੇਣ ਕਿਸੇ ਦੇ ਜਜ਼ਬਾਤ
ਨਾ ਬੋਲੀਂ ਇਹੋ ਜਿਹੇ ਬੋਲ

ਖ਼ਾਕ ਹੀ ਨਾ ਬਣਾ ਦੇਵੇ ਜੋ ਆਸਾਂ ਨੂੰ
ਨਾ ਖੋਲ੍ਹੀਂ ਕਦੇ ਇਹੋ ਜਿਹੇ ਪੋਲ

ਮੁਰਦੇ ਹੀ ਨਾ ਜਾਗ ਪੈਣ ਕਬਰਾਂ 'ਚੋਂ
ਸ਼ਮਸ਼ਾਨਾਂ 'ਚ ਨਾ ਵਜਾਈਂ ਕਦੇ ਢੋਲ

✵

## ਧੀਏ

ਤੂੰ ਮੇਰੀ ਰਾਣੀ ਧੀ ਏਂ
ਮੈਨੂੰ ਸਮਝ ਨਹੀਂ ਸੀ ਆਉਂਦਾ,
ਪੁੱਤਰ ਤੇ ਧੀ 'ਚ ਫ਼ਰਕ ਕੀ ਏ
ਮੈਂ ਤਾਂ ਤੈਨੂੰ ਆਪਣੀ ਧੀ ਹੀ ਮੰਨਿਆ
ਸੋਚਿਆ ਤੂੰ ਵਿਦਾ ਜਦ ਹੋ ਜਾਵੇਂਗੀ
ਫਿਰ ਤੈਨੂੰ ਮੇਰਾ ਫ਼ਿਕਰ ਨਹੀਂ ਰਹਿਣਾ
ਫ਼ਿਕਰ ਲਈ ਫਿਰ ਮੇਰਾ ਪੁੱਤਰ ਵੀ ਏ
ਫਿਰ ਮੈਂ ਸੋਚਦਾ ਪੁੱਤਰ ਪੁੱਤਰ ਏ,
ਧੀ ਧੀ ਏ
ਪਰ ਅੱਜ ਮੈਂ ਸੋਚਦਾ
ਤੂੰ ਹੀ ਮੇਰਾ ਪੁੱਤਰ ਤੇ ਮੇਰੀ ਧੀ ਏਂ
ਕਿਉਂਕਿ ਅੱਜ ਵਿਦਾਇਗੀ 'ਤੇ ਮੇਰੀ
ਤੂੰ ਮੇਰੇ ਕੋਲ ਬੈਠੀ ਏਂ
ਤੇ ਮੇਰਾ ਲਾਡਲਾ ਉਹ ਪੁੱਤਰ
ਨਹੀਂ ਪਤਾ ਉਹ ਕਿੱਥੇ ਏ
ਜੋ ਮੈਨੂੰ ਮਿਲਿਆ ਹੀ ਕਦੀ ਕਦੀ ਏ

✵

## ਕਿਸਮਤ

ਨਾ ਝੜੇ ਬੂਰ ਇਸ ਬੁਢੜੇ ਰੁੱਖ ਤੋਂ
ਮੈਂ ਰੋਕਦਾ ਰਿਹਾ ਬਹਾਰਾਂ ਨੂੰ

ਆਪਣਿਆਂ ਤੋਂ ਬਹੁਤਾ ਨਿੱਘ ਸੀ ਜਿਨ੍ਹਾਂ ਦਾ
ਕੀਤਾ ਬੇਮੁਖ ਮੈਂ ਉਹਨਾਂ ਗੁਲਜ਼ਾਰਾਂ ਨੂੰ

ਹਵਾ ਤਾਂ ਕਿਸੇ ਨਹੀਂ ਫੜੀ ਅੱਜ ਤੱਕ
ਜਿਹਦੇ ਪਿੱਛੇ ਛੱਡਦਾ ਰਿਹਾ ਮੈਂ ਯਾਰਾਂ ਨੂੰ

ਜਾਣ ਵਾਲਿਆਂ ਤਾਂ ਤੁਰ ਹੀ ਜਾਣਾ ਹੁੰਦਾ
ਅਸੀਂ ਤਾਂ ਰੋਈਏ ਆਪਣੇ ਪਿਆਰਾਂ ਨੂੰ

ਜਿੱਤ ਦੀ ਖੁਸ਼ੀ ਮਨਾਉਣ ਦਾ ਹੈ ਨੀ ਹੌਸਲਾ
ਤੇ ਰੋਈ ਜਾਈਏ ਹੋਈਆਂ ਹਾਰਾਂ ਨੂੰ

ਓਏ ਤੇਰੀ ਤਾਂ ਕਿਸਮਤ 'ਚ ਹੈ ਹੀ ਰੋਣਾਂ ਵਿਰਕਾ!
ਐਵੇਂ ਕੋਸੀ ਜਾਨਾਂ ਤੂੰ ਵਿਛੜੇ ਦਿਲਦਾਰਾਂ ਨੂੰ

*